Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 123 | Thursday, June 23, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਕਾਰਜੈਕਿੰਗ ਕਰਨ ਵਾਲੇ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 22 ਜੂਨ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਹਥਿਆਰਬੰਦ ਕਾਰਜੈਕਿੰਗ ਕਰਨ ਵਾਲੇ ਦੋ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਰਾਤੀਂ 11:00 ਵਜੇ ਜੇਨ ਸਟਰੀਟ ਤੇ ਵਿਲਸਨ ਐਵਨਿਊ ਇਲਾਕੇ ਵਿੱਚ ਵਾਪਰੀ ਇਸ ਕਾਰਜੈਕਿੰਗ ਦੀ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਦੋ ਮਸ਼ਕੂਕਾਂ, ਜਿਨ੍ਹਾਂ ਕੋਲ ਹਥਿਆਰ ਸਨ, ਵੱਲੋਂ ਇੱਕ ਗੱਡੀ ਚੋਰੀ ਕੀਤੀ ਗਈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਨ੍ਹਾਂ ਮਸ਼ਕੂਕਾਂ ਵੱਲੋਂ ਹਥਿਆਰਾਂ ਦੀ ਵਰਤੋਂ ਵੀ ਕੀਤੀ ਗਈ ਜਾਂ ਨਹੀਂ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਮਿਲੀ ਹੈ।

ਗੱਡੀ ਦਾ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

## ਮਹਿੰਗਾਈ ਦੇ ਮੁੱਦੇ 'ਤੇ ਹਾਊਸ ਵਿਚ ਕੰਜ਼ਰਵੇਟਿਵਾਂ ਦੀ ਬਹਿਸ ਕਰਵਾਉਣੀ ਦੀ ਇੱਛਾ ਪੂਰੀ ਨਹੀਂ ਹੋ ਸਕੀ

ਓਟਵਾ, 22 ਜੂਨ (ਪੋਸਟ ਬਿਊਰੋ) : ਗਰਮੀਆਂ ਦੀਆਂ ਛੁੱਟੀਆਂ ਲਈ ਹਾਊਸ ਆਫ ਕਾਮਨਜ਼ ਦੇ ਉੱਠਣ ਤੋਂ ਪਹਿਲਾਂ ਮਹਿੰਗਾਈ ਦੇ ਮੁੱਦੇ ਉੱਤੇ ਐਮਰਜੰਸੀ ਬਹਿਸ ਕਰਵਾਉਣ ਦੀ ਚਾਹਵਾਨ ਕੰਜ਼ਰਵੇਟਿਵ ਪਾਰਟੀ ਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ।

ਇਸ ਬਹਿਸ ਲਈ ਹਾਊਸ ਸਪੀਕਰ ਸਾਹਮਣੇ ਬੇਨਤੀ ਕਰਨ ਤੋਂ ਬਾਅਦ ਕੰਜ਼ਰਵੇਟਿਵ ਐਮਪੀ ਤੇ ਵਿੱਤ ਅਤੇ ਹਾਊਸਿੰਗ ਇਨਫਲੇਸ਼ਨ ਕ੍ਰਿਟਿਕ ਡੈਨ ਐਲਬਸ ਆਪਣੇ ਪ੍ਰਸਤਾਵ ਬਾਰੇ ਗੱਲ ਕਰਨ ਤੇ ਇਹ ਦੱਸਣ ਲਈ ਚੇਂਬਰ ਵਿੱਚ ਮੌਜੂਦ ਨਹੀਂ ਸਨ ਕਿ ਇਸ ਦੀ ਲੋੜ ਕਿਉਂ ਹੈ। ਇਸ ਮਗਰੋਂ ਕੰਜ਼ਰਵੇਟਿਵ ਹਾਊਸ ਲੀਡਰ ਜੌਹਨ ਬ੍ਰਸਾਰਡ ਨੇ ਇਸ ਬਹਿਸ ਲਈ ਸਾਰਿਆਂ ਦੀ ਰਜ਼ਾਮੰਦੀ ਮੰਗੀ ਪਰ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੰਜ਼ਿਊਮਰ ਪ੍ਰਾਈਸ ਇੰਡੈਕਸ (ਸੀਪੀਆਈ) ਸਾਲਾਨਾ ਦਰ ਉੱਤੇ ਵੱਧ ਗਿਆ। ਅਜਿਹਾ ਜਨਵਰੀ 1983 ਤੋਂ ਕਦੇ ਵੇਖਣ ਨੂੰ ਨਹੀਂ ਮਿਲਿਆ।

ਬੁੱਧਵਾਰ ਨੂੰ ਕਾਕਸ ਮੀਟਿੰਗ ਤੋਂ ਪਹਿਲਾਂ ਕੰਜ਼ਰਵੇਟਿਵ ਹਾਊਸ ਲੀਡਰ ਜੌਹਨ ਬ੍ਰਸਾਰਡ ਨੇ ਪੱਤਰਕਾਰਾਂ ਨਾਲ ਗੱਲਬਾਤ



ਕਰਦਿਆਂ ਆਖਿਆ ਕਿ ਪਾਰਟੀ ਹਾਊਸ ਸਪੀਕਰ ਨੂੰ ਚਿੰਤਾ ਦੇ ਤਿੰਨ ਮੁੱਦਿਆਂ ਉੱਤੇ ਬਹਿਸ ਕਰਵਾਉਣ ਲਈ ਆਖ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਰਹਿਣ ਸਹਿਣ ਲਈ ਵਧਿਆ ਖਰਚਾ ਹੈ। ਉਨ੍ਹਾਂ ਆਖਿਆ ਕਿ ਲਿਬਰਲ ਸਰਕਾਰ ਇਸ ਤਰ੍ਹਾਂ ਦੇ ਅਹਿਮ ਮੁੱਦਿਆਂ ਨੂੰ ਛੱਡ ਕੇ ਹਾਈਬ੍ਰਿਡ ਸੈਸ਼ਨ ਕਰਵਾਉਣ ਜਾਂ ਨਾ ਕਰਵਾਉਣ ਦੀ ਗੱਲ ਕਰਕੇ ਸਾਰਿਆਂ ਦਾ ਧਿਆਨ ਭਟਕਾ ਰਹੀ ਹੈ ਜਦਕਿ ਕੰਜ਼ਰਵੇਟਿਵ ਇਸ ਤਰ੍ਹਾਂ ਦੇ ਅਹਿਮ ਮੁੱਦਿਆਂ ਉੱਤੇ ਪਾਰਲੀਆਮੈਂਟ ਵਿੱਚ ਬਹਿਸ ਕਰਵਾਉਣ ਦੀ ਮੰਗ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਦੇਰ ਹੋਣ ਤੋਂ ਪਹਿਲਾਂ ਅਜਿਹੇ ਮੁੱਦਿਆਂ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਉਹ ਪਾਸਪੋਰਟ ਵਿੱਚ ਹੋਣ ਵਾਲੀ ਦੇਰ ਤੇ ਨੋਵਾ ਸਕੋਸ਼ੀਆ ਮਾਸ ਸ਼ੂਟਿੰਗ ਦੇ ਮਾਮਲੇ ਵਿੱਚ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਸਿਆਸੀ ਦਖਲਅੰਦਾਜ਼ੀ ਦੇ ਮਾਮਲਿਆਂ ਉੱਤੇ ਵੀ ਬਹਿਸ ਕਰਵਾਉਣੀ ਚਾਹੁੰਦੇ ਹਨ। ਬੁੱਧਵਾਰ ਨੂੰ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਮਈ ਵਿੱਚ ਸੀਪੀਆਈ ਇੱਕ ਸਾਲ ਪਹਿਲਾਂ ਨਾਲੋਂ 7•7 ਫੀ ਸਦੀ ਵੱਧ ਗਿਆ। ਅਜਿਹਾ ਗੈਸ ਦੀਆਂ ਉੱਚੀਆਂ ਕੀਮਤਾਂ ਕਾਰਨ ਹੋਇਆ।

ਏਜੰਸੀ ਨੇ ਆਖਿਆ ਕਿ ਸੇਵਾਵਾਂ ਲਈ ਉੱਚੀਆਂ ਕੀਮਤਾਂ ਜਿਵੇਂ ਕਿ ਹੋਟਲ ਤੇ ਰੈਸਟੋਰੈਂਟਸ ਨੇ ਵੀ ਇਸ ਵਾਧੇ ਵਿੱਚ ਯੋਗਦਾਨ ਪਾਇਆ। ਮਈ ਵਿੱਚ ਖਾਣੇ ਦੀਆਂ ਕੀਮਤਾਂ ਤੇ ਸ਼ੈਲਟਰ ਦੀਆਂ ਕੀਮਤਾਂ ਵਿੱਚ ਵੀ ਵਾਧਾ ਬਣਿਆ ਰਿਹਾ। ਇਸ ਦੌਰਾਨ ਕੰਜ਼ਰਵੇਟਿਵ ਐਮਪੀ ਤੇ ਫਾਇਨਾਂਸ ਅਤੇ ਹਾਊਸਿੰਗ ਇਨਫਲੇਸ਼ਨ ਕ੍ਰਿਟਿਕ ਡੈਨ ਐਲਬਸ ਨੇ ਆਖਿਆ ਕਿ ਪਿਛਲੀ ਵਾਰੀ ਸੀਪੀਆਈ ਇਸ ਰਫਤਾਰ ਨਾਲ ਉਸ ਸਮੇਂ ਵਧਿਆ ਸੀ ਜਦੋਂ ਪਿਏਰ ਐਲੀਅਟ ਟਰੂਡੋ ਪ੍ਰਧਾਨ ਮੰਤਰੀ ਸਨ।

## ਅਫਗਾਨਿਸਤਾਨ ਵਿੱਚ 6.1 ਸਕੇਲ ਦੀ ਤੀਬਰਤਾ ਦਾ ਭੂਚਾਲ, ਮੌਤਾਂ ਦੀ ਗਿਣਤੀ 1000 ਨੂੰ ਟੱਪੀ

ਕਾਬੁਲ, 22 ਜੂਨ, (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਦੋ ਪੂਰਬੀ ਰਾਜਾਂਵਿੱਚ ਬੁੱਧਵਾਰ ਤੜਕੇ ਆਏ ਭੂਚਾਲ ਨਾਲਮੌਤਾਂ ਦੀ ਗਿਣਤੀ 1000 ਨੂੰ ਟੱਪ ਗਈ ਹੈ। ਤਾਲਿਬਾਨ ਦੀ ਅਗਵਾਈ ਵਾਲੀ ਸਰਕਾਰ ਦੇ ਕੁਦਰਤੀ ਆਫ਼ਤ ਪ੍ਰਬੰਧ ਬਾਰੇ ਉਪ ਰਾਜ ਮੰਤਰੀ, ਮੌਲਵੀ ਸ਼ਰਫੁਦੀਨ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਹੈ ਕਿ ਭੂਚਾਲਵਿੱਚ 1000 ਤੋਂ ਵੱਧ ਲੋਕ ਮਾਰੇ ਗਏ ਤੇ 1500 ਤੋਂ ਵੱਧ ਜ਼ਖਮੀ ਹੋਣ ਦੀ ਖਬਰ ਮਿਲੀ ਹੈ।ਅਮਰੀਕੀ ਭੂ-ਵਿਗਿਆਨ ਸਰਵੇਖਣ ਅਨੁਸਾਰ ਖੋਸਤ ਤੋਂ 44 ਕਿਲੋਮੀਟਰ ਦੱਖਣ-ਪੱਛਮ ਵਿੱਚ ਲਗਭਗ 6 ਦੀ ਤੀਬਰਤਾ ਵਾਲਾ ਭੂਚਾਲ ਆਇਆ ਸੀ।

ਸਰਕਾਰੀ ਬਖਤਾਰ ਨਿਊਜ਼ ਏਜੰਸੀ ਨੇ ਇੱਕ ਟਵੀਟ ਵਿੱਚਕਿਹਾ ਹੈ ਕਿ ਇਹ ਮੌਤਾਂ ਪਕਤਿਕਾ ਰਾਜ ਦੇ ਬਰਮਲ, ਜ਼ੀਰੂਕ, ਨਾਕਾ ਅਤੇ ਗਯਾਨ ਜ਼ਿਲਿਆਂ ਵਿੱਚ ਹੋਈਆਂ ਹਨ। ਗੁਆਂਢੀ ਰਾਜਾਂ ਅਤੇ ਕਾਬੁਲ ਤੋਂ ਪ੍ਰਭਾਵਤ ਇਲਾਕਿਆਂਵਿੱਚ



ਹੈਲੀਕਾਪਟਰ ਅਤੇ ਬਚਾਅ ਟੀਮਾਂ ਗਈਆਂ ਹਨ। ਖ਼ਬਰ ਏਜੰਸੀ ਮੁਤਾਬਕਜ਼ਿਲ੍ਹਾ ਪਕਤਿਕਾ ਵਿੱਚ ਸਭ ਤੋਂ ਵੱਧ ਪ੍ਰਭਾਵਤ ਇਲਾਕਾ ਗਯਾਨ ਸੀ, ਜਿੱਥੇਭੂਚਾਲ ਨੇ ਕਈ ਘਰਤਬਾਹ ਕਰ ਦਿੱਤੇ ਤੇ ਕਈਆਂ ਨੂੰ ਨੁਕਸਾਨ ਪੁੱਜਾ ਹੈ ਅਤੇ ਪਕਤਿਕਾ ਵਿੱਚ ਜ਼ਮੀਨ ਖਿਸਕਣ ਕਾਰਨ ਮੌਤਾਂ ਦੀ ਗਿਣਤੀ ਵਧ ਸਕਦੀ ਹੈ, ਕਿਉਂਕਿ ਦਰਜਨਾਂ ਲੋਕ ਅਜੇ ਮਲਬੇ ਹੇਠਾਂ ਦੱਬੇ ਹਨ।ਪਹਾੜੀ ਖੇਤਰਾਂ ਵਿੱਚਭੂਚਾਲਪਿੱਛੋਂ ਅਧਿਕਾਰੀਆਂ ਨੇ ਜੀਵਨ ਬਚਾਉਣ ਵਾਲੇ ਸਾਮਾਨ ਤੇ ਡਾਕਟਰੀ ਕਾਮਿਆਂ ਨਾਲ ਸੱਤ ਹੈਲੀਕਾਪਟਰ ਇਸ ਖੇਤਰ ਵਿੱਚਭੇਜੇ ਹਨ ਅਤੇ ਮੈਡੀਕਲ ਅਤੇ ਬਚਾਅ ਟੀਮਾਂ ਵੀ ਉਸ ਪਾਸੇ ਜਾ ਰਹੀਆਂ ਹਨ।

ਇਸ ਦੌਰਾਨ ਪਾਕਿਸਤਾਨ ਦੇ ਮੌਸਮ ਵਿਭਾਗ ਮੁਤਾਬਕ ਪੇਸ਼ਾਵਰ, ਇਸਲਾਮਾਬਾਦ, ਲਾਹੌਰ ਅਤੇ ਪੰਜਾਬ ਦੇ ਹੋਰ ਹਿੱਸਿਆਂ ਅਤੇ ਖੈਬਰ-ਪਖਤੂਨਖਵਾ ਰਾਜਵਿੱਚਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ।

...ਬਾਕੀ ਪੰਨਾ 4 'ਤੇ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

## ਮਿਸੀਸਾਗਾ ਵਿੱਚ ਚੱਲੀ ਗੋਲੀ, ਇੱਕ ਹਲਾਕ



ਮਿਸੀਸਾਗਾ, 22 ਜੂਨ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੋਲੀ ਚੱਲਣ ਮਗਰੋਂ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੀਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਬੁੱਧਵਾਰ ਰਾਤੀਂ 10:00 ਵਜੇ ਗਲੈਨ ਐਰਿਨ ਡਰਾਈਵ ਤੇ ਬ੍ਰਿਟੇਨੀਆ ਰੋਡ ਵੈਸਟ ਇਲਾਕੇ ਵਿੱਚ ਸੱਦਿਆ ਗਿਆ। ਉੱਥੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿ-ਲਿਆ। ਪੈਰਾਮੈਡਿਕਸ ਨੇ ਦੱਸਿਆ ਕਿ ਮੌਕੇ ਉੱਤੇ ਹੀ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਮਸ਼ਕੂਕ ਨੂੰ ਇਲਾਕੇ ਵਿੱਚੋਂ ਫਰਾਰ ਹੁੰਦਿਆਂ ਵੇਖਿਆ ਗਿਆ ਪਰ ਅਜੇ ਤੱਕ ਉਸ ਦਾ ਵੇਰਵਾ ਮੁਹੱਈਆ ਨਹੀਂ ਕਰਵਾਇਆ ਗਿਆ ਹੈ।

## ਨੋਵਾ ਸਕੋਸ਼ੀਆ ਸ਼ੂਟਿੰਗ ਸਬੰਧੀ ਜਾਂਚ ਵਿੱਚ ਦਖ਼ਲਅੰਦਾਜ਼ੀ ਕਰਨ ਦੇ ਦੋਸ਼ਾਂ ਤੋਂ ਬਲੇਅਰ ਨੇ ਕੀਤਾ ਇਨਕਾਰ

ਓਟਵਾ, 22 ਜੂਨ (ਪੋਸਟ ਬਿਊਰੋ) : ਨੋਵਾ ਸਕੋਸ਼ੀਆ ਦੀ ਮਾਸ ਸ਼ੂਟਿੰਗ ਦੇ ਸਬੰਧ ਵਿੱਚ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਫੈਡਰਲ ਸਰਕਾਰ ਵੱਲੋਂ ਦਖਲਅੰਦਾਜ਼ੀ ਕਰਨ ਦੇ ਦੋਸ਼ਾਂ ਤੋਂ ਬੁੱਧਵਾਰ ਨੂੰ ਐਮਰਜੰਸੀ ਪ੍ਰਿਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਵੱਲੋਂ ਵਾਰੀ ਵਾਰੀ ਇਨਕਾਰ ਕੀਤਾ ਗਿਆ।

ਇਸ ਵਿਵਾਦ ਦਾ ਕੇਂਦਰ ਬਣ ਚੁੱਕੀ ਕਮਿਸ਼ਨਰ ਬ੍ਰੈਂਡਾ ਲੱਕੀ ਦਾ ਪੱਖ ਪੂਰਨ ਲਈ ਬਲੇਅਰ ਅੱਗੇ ਆਏ। ਬੁੱਧਵਾਰ ਨੂੰ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਬਲੇਅਰ ਨੇ ਆਖਿਆ ਕਿ ਆਰਸੀਐਮਪੀ ਦੇ ਮਾਮਲਿਆਂ ਵਿੱਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾ ਰਹੀ ਤੇ ਨਾ ਹੀ ਕਿਸੇ ਉੱਤੇ ਕੋਈ ਦਬਾਅ ਹੀ ਪਾਇਆ



ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਆਰਸੀਐਮਪੀ ਨੂੰ ਕਿਸੇ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਕੋਈ ਹਦਾਇਤ ਨਹੀਂ ਦਿੱਤੀ ਜਾ ਰਹੀ ਤੇ ਨਾ ਹੀ ਉਨ੍ਹਾਂ ਦੇ ਫੈਸਲਿਆਂ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ। ਆਰਸੀਐਮਪੀ ਦੇ ਸਾਰੇ ਫੈਸਲਿਆਂ ਦਾ ਸਤਿਕਾਰ ਕੀਤਾ ਜਾ ਰਿਹਾ ਹੈ।

ਮੰਗਲਵਾਰ ਨੂੰ ਇਹ ਦੋਸ਼ ਲਾਏ ਗਏ ਸਨ ਕਿ ਕੈਨੇਡੀਅਨ ਇਤਿਹਾਸ ਦੀ ਸੱਭ ਤੋਂ ਦਿਲ ਦਹਿਲਾ ਦੇਣ ਵਾਲੀ ਸ਼ੂਟਿੰਗ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਸਰਕਾਰ ਵੱਲੋਂ ਗੰਨ ਉੱਤੇ ਪਾਬੰਦੀ ਲਾਉਣ ਲਈ ਵਰਤਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅਪਰੈਲ 2020 ਵਿੱਚ ਨੋਵਾ ਸਕੋਸ਼ੀਆ ਵਿੱਚ ਵਾਪਰੀ ਇਸ ਸ਼ੂਟਿੰਗ ਦੀ ਘਟਨਾ ਵਿੱਚ 22 ਲੋਕ ਮਾਰੇ ਗਏ ਸਨ।

...ਬਾਕੀ ਪੰਨਾ 4 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉੱਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉੱਤੇ ਫਿੱਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਆਈ ਪਈ ਦਾੜ੍ਹ ਦੇ ਹੇਠ ਜਿਉਂ ਸ਼ਿਵ ਸੈਨਾ,
ਲੱਗਦਾ ਈ ਭਾਜਪਾ ਨੇ ਜਾਣਾ ਈ ਚੱਬ ਬੇਲੀ।
ਦੂਸਰਾ ਸਾਰਿਆਂ ਤੋਂ ਜਿਹੜਾ ਈ ਰਾਜ ਵੱਡਾ,
ਕਰਨਾਟਕ ਵਾਂਗ ਉਹ ਜਾਣਾ ਈ ਦੱਬ ਬੇਲੀ।
ਕਰ ਲਏ ਜਿੱਧਰ ਵੀ ਧਾਈ ਤਾਂ ਅਟਕਦੀ ਨਾ,
ਜਾਂਦੀ ਏ ਪਹੁੰਚ ਫਿਰ ਦੱਬੇ ਜਿਹੇ ਪੱਬ ਬੇਲੀ।
ਮੁੜ-ਮੁੜ ਜਾਂਦੀ ਆ ਖੇਡ ਦੁਹਰਾਈ ਥਾਂ-ਥਾਂ,
ਰਹਿ ਗਿਆ ਮੁਲਕ ਦਾ ਰਾਖਾ ਈ ਰੱਬ ਬੇਲੀ।
ਮਾਰੀਏ ਝਾਤੀ ਜਦ ਨਿਯਮ ਕਾਨੂੰਨ ਉੱਪਰ,
ਨਿਕਲਦੀ ਗਲਤ ਵੀ ਬਾਤ ਨਾ ਕੋਈ ਬੇਲੀ।
ਚੱਲਦੀ ਚਰਚਾ ਇਖਲਾਕ ਦੀ ਜਦੋਂ ਕਿਧਰੇ,
ਲਾਹੀ ਪਈ ਲੱਭਦੀ ਸ਼ਰਮ ਦੀ ਲੋਈ ਬੇਲੀ।

**ਤੀਸ ਮਾਰ ਖਾਂ**

# ਬਾਦਲ ਪਰਵਾਰ ਦਾ ਸੁਖਵਿਲਾਸ ਰਿਜ਼ੋਰਟ ਵੀ ਭਗਵੰਤ ਮਾਨ ਸਰਕਾਰ ਦੇ ਨਿਸ਼ਾਨੇ ’ਤੇ

ਮੁੱਲਾਂਪੁਰ ਗਰੀਬਦਾਸ, 22 ਜੂਨ, (ਪੋਸਟ ਬਿਊਰੋ)- ਚੰਡੀਗੜ੍ਹ ਦੇ ਨਾਲ ਲੱਗਦੇ ਨਯਾਗਾਂਵ ਤੋਂ ਸੀਸਵਾਂ ਤੱਕਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਸਰਕਾਰੀ ਜ਼ਮੀਨ ਉੱਤੇ ਕਬਜ਼ੇ ਕਰਕੇ ਵੱਡੇ-ਵੱਡੇ ਫਾਰਮ ਹਾਊਸ ਬਣਾਏ ਹੋਣ ਦੀ ਚਰਚਾ ਆਮ ਹੁੰਦੀ ਸੁਣੀ ਗਈ ਹੈ। ਹਰ ਵੱਡੇ ਨੇਤਾ ਅਤੇ ਅਧਿਕਾਰੀ ਤੋਂ ਲੈ ਕੇ ਪੈਸੇ ਦੀ ਤਾਕਤ ਤੇ ਰਸੂਖ਼ ਵਾਲਾ ਹਰ ਵੱਡਾ ਵਿਅਕਤੀ ਇਸ ਖੇਤਰ ਵਿੱਚ ਆਪਣਾ ਫਾਰਮ ਹਾਊਸ ਬਣਾਉਣਾ ਚਾਹੁੰਦਾ ਸੀ।ਇਨ੍ਹਾਂ ਲੋਕਾਂ ਨੂੰ ਏਥੇ ਜ਼ਮੀਨ ਲੈਣੀ ਪੈਂਦੀ ਹੈ ਤਾਂ ਇਸ ਮਕਸਦ ਲਈ ਕਾਨੂੰਨ ਬਦਲਣੇ ਜਾਂ ਕਾਨੂੰਨ ਤੋੜਨੇ ਆਮ ਗੱਲ ਹੈ। ਇਹ ਇਲਾਕਾ ਬਹੁਤਾ ਕਰ ਕੇ ਜੰਗਲਾਤ ਵਿਭਾਗਹੇਠਹੋਣ ਦੇ ਬਾਵਜੂਦ ਏਥੇ ਜੰਗਲਾਤ ਵਿਭਾਗ ਦੇ ਮੰਤਰੀਆਂ ਅਤੇ ਅਫਸਰਾਂ ਦੀ ਮਿਲੀਭੁਗਤ ਨਾਲ ਕਈ ਵੱਡੇ ਫਾਰਮ ਹਾਊਸ ਬਣਦੇ ਗਏ ਸਨ। ਇਹ ਵੱਡਾ ਖੁਲਾਸਾ ਪੰਜਾਬ ਵਿਜੀਲੈਂਸ ਬਿਊਰੋ ਦੀ ਟੀਮ ਨੇ ਜੰਗਲਾਤ ਬਾਰੇ ਦੋ ਸਾਬਕਾ ਮੰਤਰੀਆਂ ਤੇ ਡਵੀਜ਼ਨਲ ਫਾਰੈਸਟ ਅਫਸਰ (ਡੀਐੱਫਓ) ਵਿਰੁੱਧ ਦਰਜ ਕੀਤੇ ਕੇਸ ਵਿੱਚ ਕੀਤਾ ਹੈ ਤੇ ਵਿਜੀਲੈਂਸ ਬਿਊਰੋ ਇਸ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ, ਜਿਸ ਵਿੱਚ ਕਈ ਵੱਡੇ ਲੋਕ ਫਸ ਸਕਦੇ ਹਨ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਦੀ ਸਰਕਾਰ ਬਣਨ ਦੇ ਵੇਲੇ ਤੋਂ ਹੀ ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਚੱਲਰਹੀ ਹੈ। ਸਰਕਾਰ ਸਭਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਦੀ ਯੋਜਨਾ ਬਣਾ ਰਹੀ ਹੈ ਇਸ ਲਈ ਇਨ੍ਹਾਂ ਜ਼ਮੀਨਾਂ ਦੀ ਸੂਚੀ ਬਣਾਈ ਜਾ ਰਹੀ ਹੈ।ਇਸ ਚੱਕਰ ਵਿੱਚਪੰਜਾਬ ਸਰਕਾਰ ਦੇ ਅੱਖ ਹੇਠ ਚੰਡੀਗੜ੍ਹ ਨੇੜੇ ਨਿਊ ਚੰਡੀਗੜ੍ਹ ਖੇਤਰ ਵਿੱਚਬਣਿਆ ਸੁਖਬੀਰ ਸਿੰਘ ਬਾਦਲ ਦਾ ਸੁਖਵਿਲਾਸ ਰਿਜ਼ਾਰਟ ਵੀਆ ਗਿਆ ਹੈ। ਬਾਲੀਵੁੱਡ ਐਕਟਰ ਰਾਜਕੁਮਾਰ ਰਾਓ ਦਾ ਵਿਆਹ ਇਸੇ ਰਿਜ਼ਾਰਟਵਿੱਚ ਹੋਇਆ ਸੀ।



ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਪਿੱਛੋਂਸੰਗਰੂਰ ਲੋਕ ਸਭਾ ਸੀਟਦੀ ਉਪ ਚੋਣ ਪ੍ਰਚਾਰ ਦੌਰਾਨ ਕਈ ਬੈਠਕਾਂਵਿੱਚ ਉਨ੍ਹਾ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਬਣਾਏ ਸੁਖਵਿਲਾਸ ਵਾਲੇ ਆਲੀਸ਼ਾਨ ਰਿਜ਼ਾਰਟ ਦਾ ਜ਼ਿਕਰ ਕਰ ਕੇ ਕਿਹਾ ਕਿ ਉਸ ਨੇ ਚੰਡੀਗੜ੍ਹ ਨਾਲ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਜੰਗਲਾਤ ਦੀ ਜ਼ਮੀਨ ਉੱਤੇ ਆਲੀਸ਼ਾਨ ਫਾਰਮ ਹਾਊਸ ਬਣਾਉਣ ਲਈ ਤੋੜੇ ਨਿਯਮਾਂ ਨੂੰ ਕੈਬਨਿਟ ਦੀਮਨਜ਼ੂਰੀ ਦਿਵਾਈ ਤੇ ਇਮਾਰਤ ਦੇ ਮੂਲ ਨਕਸ਼ੇਵਿੱਚ ਹੋਟਲ ਬਣਨ ਪਿੱਛੋਂ ਫਿਰ ਤਬਦੀਲੀਆਂ ਕੀਤੀਆਂ ਅਤੇ ਉਸ ਖੇਤਰ ਵਿੱਚ ਉਸਾਰੀ ਉੱਤੇ ਪਾਬੰਦੀ ਲਾ ਦਿੱਤੀ ਸੀ। ਮਾਨ ਨੇ ਕਿਹਾ ਕਿ ਇਸ ਦੀ ਜਾਂਚ ਲਈ ਕਾਗਜ਼ ਇਕੱਠੇ ਕੀਤੇ ਜਾ ਰਹੇ ਹਨ ਤੇ ਜਲਦੀ ਕਾਰਵਾਈ ਕੀਤੀ ਜਾਵੇਗੀ।ਚੰਡੀਗੜ੍ਹ ਤੋਂ 14 ਕਿਲੋਮੀਟਰ ਦੂਰ ਸ਼ਿਵਾਲਿਕ ਪਹਾੜੀਆਂ ਵਿੱਚ ਕੁਦਰਤੀ ਸੁੰਦਰਤਾ ਵਿਚ ਇਸ ਰਿਜ਼ਾਰਟ ਦੀ ਬਣਤਰ ਤੇ ਸਜਾਵਟ ਰਾਜ-ਮਹਿਲਾਂ ਵਾਲੀ ਹੈ ਅਤੇ 8000 ਏਕੜ ਵਿੱਚ ਫੈਲੇ ਰਿਜ਼ਾਰਟ ਵਿੱਚ ਸਪਾ ਤੋਂ ਲੈ ਕੇ ਜਿੰਮ ਤੇ ਪਾਣੀ ਦੇ ਫੁਹਾਰੇ ਨਾਲ ਪੱਥਰ ਦੇ ਵੱਡੇ ਥੰਮ੍ਹਤੱਕਹਨ, ਜਿਸ ਨਾਲ ਆਲੀਸ਼ਾਨ ਮਹਿਲਾਂ ਦਾ ਅਹਿਸਾਸ ਹੁੰਦਾ ਹੈ, ਪਰ ਇਸ ਵਕਤ ਇਸ ਮਹਿਲ ਵਰਗੇ ਖੇਤਰ ਵੱਲ ਜਾਂਚ ਟੀਮਾਂ ਦੀਆਂ ਦੌੜਾਂ ਲੱਗਦੀਆਂ ਵੇਖੀਆਂ ਜਾਣ ਲੱਗ ਪਈਆਂ ਹਨ।

## ਥਾਣੇਦਾਰ ਦੀ ਖੁਦਕੁਸ਼ੀ ਦੇ ਕੇਸ ਵਿੱਚ ਏ ਸੀ ਪੀ ਜਲੰਧਰ ਨੂੰ ਅਗੇਤੀ ਜਮਾਨਤ ਮਿਲੀ

ਚੰਡੀਗੜ੍ਹ, 22 ਜੂਨ (ਪੋਸਟ ਬਿਊਰੋ)- ਜਲੰਧਰ ਵਿੱਚ ਏ ਸੀ ਪੀ ਨਾਰਥ ਸੁਖਜਿੰਦਰ ਸਿੰਘ ਦੇ ਚਾਲਕ ਏ ਐਸ ਆਈ ਸਵਰਨ ਸਿੰਘ ਨੇ ਖੁਦਕੁਸ਼ੀਕਰ ਲਈ ਸੀ। ਪੁਲਸ ਨੇ ਏ ਸੀ ਪੀ ਸਮੇਤ ਤਿੰਨ ਲੋਕਾਂ ਉੱਤੇ ਧਾਰਾ 306 ਅਤੇ 34 ਆਈ ਪੀ ਸੀ ਦਾ ਕੇਸ ਦਰਜ ਕੀਤਾ ਸੀ। ਏ ਸੀ ਪੀ ਸੁਖਜਿੰਦਰ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਅਗੇਤੀ ਜਮਾਨਤ ਦੀ ਅਰਜ਼ੀ ਪੇਸ਼ ਕੀਤੀ ਸੀ, ਜਿਸ ਨੂੰ ਕੋਰਟ ਨੇ ਪ੍ਰਵਾਨ ਕਰ ਕੇ ਸੁਖਜਿੰਦਰ ਦੇ ਖ਼ਿਲਾਫ਼ ਦਰਜ ਮਾਮਲੇ ਵਿੱਚ 15 ਜੁਲਾਈ ਤਕ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਉੱਤੇ ਰੋਕ ਲਗਾਉਂਦੇ ਹੋਏ ਅਗੇਤੀ ਜਮਾਨਤ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ 30 ਮਈ ਨੂੰ ਜਲੰਧਰ ਵਿੱਚ ਥਾਣੇਦਾਰ ਸਵਰਨ ਸਿੰਘ ਨੇ ਆਪਣੀ ਸਰਵਿਸ ਪਿਸਤੌਲ ਨਾਲ ਕਨਪਟੀ ਉੱਤੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਪਤੀ ਦੀ ਮੌਤ ਪਿੱਛੋਂ ਸਵਰਨ ਸਿੰਘ ਦੀ ਪਤਨੀ ਰਣਜੀਤ ਕੌਰ ਦੀ ਸ਼ਿਕਾਇਤ ਉੱਤੇ ਪੁਲਸ ਨੇ ਏ ਸੀ ਪੀ ਅਤੇ ਦੋ ਹੋਰਨਾਂ ਰਾਜੀਵ ਅਗਰਵਾਲ ਉਰਫ ਲਾਲਾ ਅਤੇ ਸੁਭਾਸ਼ ਚੰਦਰ ਉੱਤੇ ਖੁਦਕੁਸ਼ੀ ਲਈ ਉਕਸਾਉਣ ਦਾਕੇਸ ਦਰਜ ਕੀਤਾ ਸੀ।

## ਊਧਵ ਠਾਕਰੇ ਸਰਕਾਰ ਦਾ ਸੰਕਟ: ਏਕਨਾਥ ਸ਼ਿੰਦੇ ਵੱਲੋਂ 40 ਵਿਧਾਇਕ ਨਾਲ ਹੋਣ ਦਾ ਦਾਅਵਾ

ਮੁੰਬਈ, 22 ਜੂਨ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦੀ ਸਰਕਾਰ ਦੇ ਬਚਣ ਜਾਂ ਰੁੜ੍ਹਨ ਬਾਰੇ ਸਸਪੈਂਸ ਜਾਰੀ ਹੈ। ਬਾਗੀ ਹੋਏ ਸ਼ਿਵ ਸੈਨਾ ਨੇਤਾ ਏਕਨਾਥ ਸ਼ਿੰਦੇ ਨੇ ਕਿਹਾ ਹੈ ਕਿ 40 ਵਿਧਾਇਕ ਉਨ੍ਹਾਂ ਦੇ ਨਾਲ ਹਨ। ਇਸ ਦੌਰਾਨ ਊਧਵ ਠਾਕਰੇ ਨੇ ਅੱਜ ਮੰਤਰੀ ਮੰਡਲ ਦੀ ਮੀਟਿੰਗ ਕੀਤੀ ਹੈ।ਸ਼ਿਵ ਸੈਨਾ ਦੇ ਇੱਕ ਸੀਨੀਅਰ ਨੇਤਾ ਦਾ ਦਾਅਵਾ ਹੈ ਕਿ ਪਾਰਟੀ ਦੇ ਬਾਗੀ ਨੇਤਾ ਏਕਨਾਥ ਸ਼ਿੰਦੇ ਨੇ ਸੋਮਵਾਰ ਨੂੰ ਮੁੱਖ ਮੰਤਰੀ ਊਧਵ ਠਾਕਰੇ ਨੂੰ ਭਾਰਤੀ ਜਨਤਾ ਪਾਰਟੀ ਨਾਲ ਦੁਬਾਰਾ ਗਠਜੋੜ ਕਰਨ ਵਾਸਤੇ ਅਪੀਲ ਕੀਤੀ ਸੀ।

ਇਸ ਦੌਰਾਨ ਗੁਜਰਾਤ ਦੇ ਸੂਰਤ ਦੇ ਇੱਕ ਹੋਟਲ ਵਿੱਚ ਰੱਖੇ ਬਾਗੀ ਵਿਧਾਇਕਾਂ ਨੂੰ ਇੱਕ ਵਿਸ਼ੇਸ਼ ਉਡਾਣ ਰਾਹੀਂ ਅਸਮ ਭੇਜ ਦਿੱਤਾ ਗਿਆ ਹੈ।ਓਥੇ ਵੀ ਭਾਜਪਾ ਸਰਕਾਰ ਹੈ। ਇਸ ਤੋਂ ਪਹਿਲਾਂ ਸ਼ਿਵ ਸੈਨਾ ਦੇ ਮੰਤਰੀ ਏਕਨਾਥ ਸ਼ਿੰਦੇ ਨੇ ਭਾਜਪਾ ਦੇ ਗੜ੍ਹ ਗਿਣੇ ਜਾਂਦੇ ਗੁਜਰਾਤ ਵਿੱਚ ਕੁਝ ਵਿਧਾਇਕਾਂ ਨੂੰ ਪਾਰਟੀ ਖਿਲਾਫ ਬਗਾਵਤ ਕਰਕੇ ਰੱਖਿਆ ਸੀ। ਦੂਸਰੇ ਪਾਸੇ ਏਕਨਾਥ ਸ਼ਿੰਦੇ, ਜਿਨ੍ਹਾਂ ਕੋਲ ਸ਼ਹਿਰੀ ਵਿਕਾਸ ਅਤੇ ਲੋਕ ਨਿਰਮਾਣ ਮੰਤਰਾਲਾ ਸੀ, ਨੂੰ ਮਹਾਰਾਸ਼ਟਰ ਦੀ ਅਸੈਂਬਲੀ ਵਿੱਚ ਸ਼ਿਵ ਸੈਨਾ ਵਿਧਾਇਕ ਦਲ ਦੇ ਆਗੂ ਦੇ ਅਹੁਦੇ ਤੋਂ ਹਟਾ ਦਿੱਤਾ ਤੇਮੁੱਖ ਮੰਤਰੀ ਨੇ ਬਾਗ਼ੀ ਵਿਧਾਇਕਾਂ ਤੱਕ ਪਹੁੰਚ ਲਈ ਯਤਨ ਆਰੰਭ ਦਿੱਤੇ ਹਨ।ਏਕਨਾਥ ਸ਼ਿੰਦੇ ਦੀ ਥਾਂ ਅਜੈ ਚੌਧਰੀ ਨੂੰ ਆਗੂ ਬਣਾਇਆ ਗਿਆ ਹੈ। 288 ਮੈਂਬਰੀ ਮਹਾਰਾਸ਼ਟਰ ਅਸੈਂਬਲੀ ਵਿੱਚ ਸ਼ਿਵ ਸੈਨਾ ਦੇ 55, ਐੱਨ ਸੀ ਪੀਪਾਰਟੀ 53, ਕਾਂਗਰਸ44, ਬਹੁਜਨ ਵਿਕਾਸ ਅਗਾੜੀ3, ਸਮਾਜਵਾਦੀ ਪਾਰਟੀ, ਏਆਈਐੱਮਆਈਐੱਮ ਅਤੇ ਪ੍ਰਹਾਰ ਜਨਸ਼ਕਤੀ ਪਾਰਟੀ ਦੇ 2-2 ਵਿਧਾਇਕ ਹਨ। ਐੱਮਐੱਨਐੱਸ, ਸੀਪੀਆਈ-ਐੱਮ, ਪੀਡਬਲਿਊਪੀ, ਸਵਾਭੀਮਾਨ ਪਕਸ਼ਾ, ਰਾਸ਼ਟਰੀ ਸਮਾਜ ਪਾਰਟੀ, ਜਨਸੁਰਾਜਿਆ ਸ਼ਕਤੀ ਪਾਰਈ ਤੇ ਕ੍ਰਾਂਤੀਕਾਰੀ ਸ਼ੇਤਕਾਰੀ ਪਕਸ਼ਾ ਦਾ ਇੱਕ-ਇੱਕ ਵਿਧਾਇਕ ਹੈ ਅਤੇ 13 ਆਜ਼ਾਦ ਹਨ। ਵਿਰੋਧੀ ਧਿਰ ਵਿੱਚ ਭਾਜਪਾ ਕੋਲ 106 ਵਿਧਾਇਕ ਹਨ ਅਤੇ ਸਰਕਾਰ ਬਣਾਉਣ ਲਈ ਉਸ ਨੂੰ 39 ਹੋਰ ਚਾਹੀਦੇ ਹਨ।

ਏਕਨਾਥ ਸ਼ਿੰਦੇ ਨਾਲ ਕਿੰਨੇ ਵਿਧਾਇਕ ਹਨ, ਇਸ ਬਾਰੇ ਕੁਝ ਵੀ ਸਪਸ਼ਟ ਨਹੀਂ। ਸੀਨੀਅਰ ਐੱਨ ਸੀ ਪੀਆਗੂਅਤੇ ਸਰਕਾਰਵਿੱਚ ਮੰਤਰੀ ਛਗਨ ਭੁਜਬਲ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪਾਰਟੀ ਪਹਿਲਾਂ ਵਾਲੇ ਸਟੈਂਡ ਉੱਤੇ ਖੜੀ ਹੈ। ਭੁਜਬਲ ਅਤੇ ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਨਾਨਾ ਪਟੋਲੇ ਨੇ ਸਰਕਾਰ ਨੂੰ ਖ਼ਤਰੇ ਤੋਂ ਇਨਕਾਰ ਕੀਤਾ ਹੈ।



## ਮੱਧ ਪ੍ਰਦੇਸ਼ ਦੀ ਸ਼ਿਵਰਾਜ ਸਰਕਾਰ ਵੱਲੋਂ 200 ਨਰਸਿੰਗ ਕਾਲਜਾਂ ਦੀ ਮਾਨਤਾ ਰੱਦ

ਭੋਪਾਲ, 22 ਜੂਨ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ 200 ਤੋਂ ਵੱਧ ਨਰਸਿੰਗ ਕਾਲਜਾਂ ਦੀ ਮਾਨਤਾ ਖਤਮ ਕਰ ਦਿੱਤੀ ਗਈ ਹੈ। ਲਗਾਤਾਰ ਧੋਖਾਧੜੀ ਅਤੇ ਸ਼ਿਕਾਇਤਾਂ ਕਾਰਨ ਇਸ ਬਾਰੇ ਵਿਭਾਗ ਨੇ ਜਾਂਚ ਕਰਵਾਈ ਸੀ। ਜਾਂਚ ਵਿੱਚ ਨਿਯਮਾਂ ਦੀ ਉਲੰਘਣਾ ਕਰਨ ਵਾਲੇ 200 ਨਰਸਿੰਗ ਕਾਲਜਾਂ ਦੀ ਮਾਨਤਾ ਰੱਦ ਕਰ ਦਿੱਤੀ ਗਈ ਹੈ।

ਇਸ ਬਾਰੇ ਤਕਨੀਕੀ ਸਿੱਖਿਆ ਮੰਤਰੀ ਵਿਸ਼ਵਾਸ ਸਾਰੰਗ ਦਾ ਕਹਿਣਾ ਹੈ ਕਿ ਇਸ ਖੇਤਰ ਨੂੰ ਪੂਰੀ ਤਰ੍ਹਾਂ ਸ਼ੁੱਧ ਕਰ ਕੇ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਗੜਬੜ ਨਾ ਹੋਵੇ।ਉਨ੍ਹਾ ਕਿਹਾ ਕਿ ਫਰਜ਼ੀ ਤਰੀਕੇ ਨਾਲ ਚੱਲਦੇ ਨਰਸਿੰਗ ਕਾਲਜਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਮੰਤਰੀ ਨੇ ਕਿਹਾ ਕਿ ਲੰਬੇ ਸਮੇਂ ਤੋਂ ਨਰਸਿੰਗ ਕਾਲਜਾਂ ਬਾਰੇਸ਼ਿਕਾਇਤਾਂ ਆ ਰਹੀਆਂ ਸਨ। ਇਸ ਪਿੱਛੋਂਇਨ੍ਹਾਂ ਦੀ ਜਾਂਚ ਕਰਾਈ ਤਾਂ ਦੋਸ਼ ਸਹੀ ਮਿਲਣ ਪਿੱਛੋਂ 200 ਤੋਂ ਵੱਧ ਨਰਸਿੰਗ ਕਾਲਜਾਂ ਉੱਤੇ ਸਖ਼ਤ ਕਾਰਵਾਈ ਕੀਤੀ ਹੈ।ਪਤਾ ਲੱਗਾ ਹੈ ਕਿ ਫਰਜ਼ੀ ਨਰਸਿੰਗ ਕਾਲਜਾਂਵਿੱਚ ਲਗਾਤਾਰ ਦਲਾਲ ਸਰਗਰਮ ਹੋਣ ਦੀਆਂ ਸ਼ਿਕਾਇਤਾਂ ਮਿਲਦੀਆਂ ਸਨ, ਜਿਨ੍ਹਾਂ ਮੁਤਾਬਕ ਕਿਸੇ ਹੋਰ ਕਾਲਜ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਂਦਾ ਤੇ ਕਿਸੇ ਹੋਰ ਕਾਲਜ ਵਿੱਚ ਪੜ੍ਹਾਈ ਕਰਵਾਈ ਜਾਂਦੀ ਸੀ ਅਤੇ ਕਿਸੇ ਹੋਰ ਕਾਲਜ ਦੇ ਨਾਂ ਉੱਤੇ ਫੀਸਾਂ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ। ਬਹੁਤੇ ਨਰਸਿੰਗ ਕਾਲਜਾਂ ਵਿੱਚ ਨਾ ਤਾਂ ਲੈਬ ਹਨ ਅਤੇ ਨਾ ਬਾਕਾਇਦਾ ਅਧਿਆਪਕ ਹਨ।



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
Harcharan S. Grover
Chartered Accountant
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸੰਜੇ ਪੋਪਲੀ ਦੀ ਗ੍ਰਿਫ਼ਤਾਰੀ ਪਿੱਛੋਂ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਉੱਤੇ ਸ਼ਿਕਾਇਤਾਂ ਵਧੀਆਂ

## * ਪੰਜਾਬ ਵਿੱਚ 20 ਤੋਂ ਵੱਧ ਸੀਨੀਅਰ ਅਫ਼ਸਰ ਰਾਡਾਰ ਉੱਤੇ !

ਚੰਡੀਗੜ੍ਹ, 22 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਸੀਨੀਅਰ ਆਈ ਏ ਐੱਸ ਅਫ਼ਸਰ ਸੰਜੇ ਪੋਪਲੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵਿੱਚ ਆਈ ਏ ਐੱਸ (ਆਲ ਇੰਡੀਆ ਪ੍ਰਸ਼ਾਸਸ ਸਰਵਿਸ), ਪੀ ਸੀ ਐੱਸ(ਪੰਜਾਬ ਪੱਧਰ ਦੇ ਅਫਸਰ)ਅਤੇ ਆਈ ਪੀ ਐੱਸ (ਪੁਲਸ ਦੇ ਸੀਨੀਅਰ ਅਫ਼ਸਰ) ਲੋਕਾਂ ਦੇ ਖ਼ਿਲਾਫ਼ ਸ਼ਿਕਾਇਤਾਂ ਦੀ ਗਿਣਤੀ ਵਧ ਗਈ ਹੈ। ਜਿਨ੍ਹਾਂ ਦੇ ਖ਼ਿਲਾਫ਼ ਸ਼ਿਕਾਇਤਾਂ ਆਈਆਂ ਹਨ, ਉਨ੍ਹਾਂ ਵਿੱਚ ਕਈ ਸਾਬਕਾ ਅਫ਼ਸਰ ਵੀ ਹਨ।

ਨਵੇਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਉੱਤੇਵੱਖ-ਵੱਖ ਵਿਭਾਗਾਂ ਦੇ ਸਾਬਕਾ ਅਤੇ ਮੌਜੂਦਾ ਅਫ਼ਸਰਾਂ ਵਿਰੁੱਧ 20 ਤੋਂ ਵੱਧ ਸ਼ਿਕਾਇਤਾਂ ਆ ਚੁੱਕੀਆਂ ਹਨਅਤੇ ਵਿਜੀਲੈਂਸ ਇਨ੍ਹਾਂ ਸਾਰੀਆਂ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਿਕਾਇਤਾਂ ਨਾਲਪੂਰੇ ਦਸਤਾਵੇਜ਼ ਹਨ ਅਤੇ ਕਈਆਂ ਨਾਲ ਲੈਣ-ਦੇਣ ਦੇ ਵੀਡੀਓ ਕਲਿੱਪ ਵੀ ਹਨ। ਵਿਜੀਲੈਂਸ ਅਫਸਰ ਨੇ ਦੱਸਿਆ ਕਿ ਇਨ੍ਹਾਂ ਕੇਸਾਂ ਵਿਚ ਜਲਦੀ ਕੁਝ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ। ਹੈਲਪਲਾਈਨ ਸ਼ੁਰੂ ਹੋਣ ਪਿੱਛੋਂ ਅੱਜ ਤਕ 45 ਵੱਡੇ ਅਫ਼ਸਰਾਂ ਤੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਹੋ ਚੁੱਕੀ ਹੈ। ਸ਼ਿਕਾਇਤ ਕਰਤਿਆਂ ਦਾ ਕਹਿਣਾ ਹੈ ਕਿ ਸਰਕਾਰੀ ਵਿਭਾਗਾਂ ਵਿੱਚ ਪੇਮੈਂਟਾਂਦੇਣ ਲਈ



ਅਫ਼ਸਰਾਂ ਤੋਂ ਲੈ ਕੇ ਕਲਰਕਾਂ ਤਕ ਹਰ ਥਾਂ ਕਮਿਸ਼ਨ ਲਿਆ ਜਾਂਦਾ ਹੈ ਅਤੇ ਨਵੀਆਂ ਅਦਾਇਗੀਆਂ ਲਈ ਕਮਿਸ਼ਨ ਤੈਅ ਕਰਨ ਨੂੰ ਕਿਹਾ ਜਾਂਦਾ ਹੈ।

ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਸੀਈਓ ਹੁੰਦਿਆਂ 7.30 ਕਰੋੜ ਰੁਪਏ ਦੇ ਕੀਤੇ ਕੰਮ ਦਾ ਬਿੱਲ ਪਾਸ ਕਰਨ ਲਈ ਠੇਕੇਦਾਰ ਤੋਂ ਰਿਸ਼ਵਤ ਲੈਣ ਦੇ ਦੋਸ਼ ਵਿਚ ਸੋਮਵਾਰ ਨੂੰ ਗ੍ਰਿਫ਼ਤਾਰ ਕੀਤੇ ਗਏ ਆਈ ਏ ਐੱਸ ਅਫ਼ਸਰ ਸੰਜੇ ਪੋਪਲੀ ਵਿਰੁੱਧ ਚਾਰ ਨਵੀਆਂ ਸ਼ਿਕਾਇਤਾਂ ਆਈਆਂ ਹਨ। ਇਨ੍ਹਾਂ ਵਿੱਚੋਂ ਦੋ ਸ਼ਿਕਾਇਤਾਂ ਹਰਿਆਣਾ ਵਿਚੋਂ ਕਰਨਾਲ ਦੇ ਦੋ ਠੇਕੇਦਾਰਾਂ ਨੇ ਕੀਤੀਆਂ ਹਨ ਕਿ ਪੋਪਲੀ ਨੇ ਰੂਪਨਗਰ ਦੇ ਮੋਰਿੰਡਾ ਤੇ ਹੁਸ਼ਿਆਰਪੁਰ ਦੇ ਤਲਵਾੜਾ ਵਿਖੇ ਸੀਵਰੇਜ ਲਾਈਨ ਵਿਛਾਉਣ ਦੇ ਕੰਮ ਲਈ ਦੋ ਫੀਸਦੀ ਕਮਿਸ਼ਨ ਮੰਗੀ ਅਤੇ ਜਲੰਧਰ ਦੇ ਹੋਟਲ ਵਿੱਚ ਬੁਲਾ ਕੇ ਧਮਕਾਇਆ ਸੀ। ਰਾਜੇਸ਼ ਕੰਸਟਰਕਸ਼ਨ ਕੰਪਨੀ ਨੇ ਪੋਪਲੀਖ਼ਿਲਾਫ਼ 16 ਕਰੋੜ ਰੁਪਏ ਵਿੱਚੋਂ ਦੋ ਫੀਸਦੀ ਰਿਸ਼ਵਤ ਮੰਗਣ ਦੀ ਸ਼ਿਕਾਇਤ ਕੀਤੀ ਹੈ।ਉਨ੍ਹਾ ਦੱਸਿਆ ਕਿ ਦਸੰਬਰ 2021 ਵਿੱਚ ਉਸ ਨੂੰ ਜਲੰਧਰ ਦੇ ਇੱਕ ਹੋਟਲ ਵਿਚ ਬੁਲਾ ਕੇ ਧਮਕੀਆਂ ਦਿੱਤੀਆਂ ਗਈਆਂ ਤਾਂ ਇਸ ਦੇ ਬਾਅਦ ਉਸ ਨੇ ਸੰਜੇ ਪੋਪਲੀ ਨੂੰ ਪੰਜ ਲੱਖ ਰੁਪਏ ਦਿੱਤੇ ਸਨ। ਇਸ ਦੌਰਾਨਸੁਣਿਆ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਸੰਜੇ ਪੋਪਲੀ ਉੱਤੇ ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਵੀ ਦਰਜ ਹੋ ਸਕਦਾ ਹੈ। ਜਾਂਚ ਵਿਚ ਪੋਪਲੀ ਦੀਆਂ ਕਈ ਜਾਇਦਾਦਾਂ ਦਾ ਪਤਾ ਲੱਗਾ ਹੈ।ਉਸ ਨੂੰ ਸੋਮਵਾਰ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਮੰਗਲਵਾਰ ਨੂੰ ਪੋਪਲੀ ਦੀ ਚੰਡੀਗੜ੍ਹ ਵਾਲੀ ਕੋਠੀ ਤੋਂ 73 ਕਾਰਤੂਸਮਿਲੇ ਹਨ। ਪੋਪਲੀ ਚਾਰ ਦਿਨ ਦੇ ਪੁਲਿਸ ਰਿਮਾਂਡ ਉੱਤੇ ਹੈ। ਇਸ ਕੇਸਵਿੱਚ ਕੁਝ ਹੋਰ ਲੋਕਾਂ ਨੂੰ ਫੜਿਆ ਜਾ ਸਕਦਾ ਹੈ।

# ਦੋ ਖੇਤੀਬਾੜੀ ਅਫਸਰਾਂ ਨੇ 2 ਕਰੋੜ 55 ਲੱਖ ਦੀ ਕਣਕ ਮੰਡੀ ਵਿੱਚ ਵੇਚ ਦਿੱਤੀ

## * 4 ਜਣਿਆਂ ਉੱਤੇ ਪਰਚਾ ਦਰਜ, ਕਾਰਵਾਈ ਸ਼ੂਰੂ

ਫਿਰੋਜ਼ਪੁਰ, 22 ਜੂਨ, (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਗੁਰੂਹਰਸਹਾਏ ਵਿੱਚ ਸਰਕਾਰੀ ਗੁਦਾਮਾਂ ਤੋਂ 2 ਕਰੋੜ 55 ਲੱਖ ਰੁਪਏ ਤੋਂ ਵੱਧ ਦੀ ਕਣਕ ਬਾਹਰੋ-ਬਾਹਰ ਮੰਡੀ ਵਿੱਚ ਵੇਚਣ ਦਾ ਪਰਦਾਫਾਸ਼ ਹੋਇਆ ਹੈ। ਸਿਰਫ ਦੋ ਮਹੀਨਿਆਂ ਵਿੱਚ ਦੋ ਖੇਤੀਬਾੜੀ ਅਫ਼ਸਰਾਂ ਨੇ ਮਾਰਕਫੈੱਡ ਦੀ ਕਰੋੜਾਂ ਦੀ ਕਣਕ ਹੜੱਪ ਕਰ ਲਈ ਹੈ।



ਮਾਰਕਫੈੱਡ ਦੇ ਡਿਵੀਜ਼ਨਲ ਮੈਨੇਜਰ ਬਲਦੀਪ ਸਿੰਘ ਨੇ ਦੱਸਿਆ ਕਿ ਜਦੋਂ ਗੋਦਾਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਤਾਂ ਗੁਦਾਮਾਂ ਵਿੱਚ ਬਣੇ ਚੱਕਿਆਂ ਵਿੱਚੋਂ ਕਣਕ ਦੀਆਂ ਬੋਰੀਆਂ ਗਾਇਬ ਸਨ। ਜਾਂਚ ਤੋਂ ਪਤਾ ਲੱਗਾ ਕਿ 19267 ਬੋਰੀਆਂ ਘੱਟ ਹਨ। ਦੋਸ਼ੀ ਖੇਤੀਬਾੜੀ ਅਫਸਰ ਅਤੇ ਉਨ੍ਹਾਂ ਦੇ ਦੋ ਸਾਥੀਆਂ ਅੰਕੁਸ਼ ਨਰੂਲਾ ਅਤੇ ਤੀਰਥ ਰਾਮ ਦੇ ਖਿਲਾਫ ਭ੍ਰਿਸ਼ਟਾਚਾਰ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ।ਜਾਂਚ ਅਧਿਕਾਰੀ ਵੱਲੋਂਸ਼ਿਕਾਇਤ ਪਿੱਛੋਂ ਦੋਵੇਂ ਖੇਤੀ ਅਫ਼ਸਰਾਂ ਲਵਪ੍ਰੀਤ ਸਿੰਘ ਅਤੇ ਸੁਰਿੰਦਰ ਕੁਮਾਰ ਨੂੰ ਸਸਪੈਂਡ ਕੀਤਾ ਗਿਆ ਹੈ। ਮਾਰਕਫੈੱਡ ਫਿਰੋਜ਼ਪੁਰ ਦੇ ਸਾਬਕਾ ਜ਼ਿਲਾ ਮੈਨੇਜਰ ਸਚਿਨ ਕੁਮਾਰ ਦੀ ਸ਼ਿਕਾਇਤ ਉੱਤੇ ਚਾਰਾਂ ਜਣਿਆਂ ਉੱਤੇ ਥਾਣਾ ਗੁਰੂ ਹਰਸਹਾਏ ਵਿੱਚ ਕੇਸ ਦਰਜ ਕੀਤਾ ਗਿਆ ਅਤੇ ਦੋਸ਼ੀ ਫਰਾਰ ਹੋ ਗਏ ਹਨ।ਸਚਿਨ ਕੁਮਾਰ ਨੇ ਦੱਸਿਆ ਕਿ 23 ਮਈ ਨੂੰ ਮਾਰਕਫੈੱਡ ਦੀ ਤਕਨੀਕੀ ਟੀਮ ਵੈਰੀਫਿਕੇਸ਼ਨ ਲਈ ਗਈ ਤਾਂ ਇਸਵਿੱਚ ਤਰੁੱਟੀ ਨਿਕਲੀ। ਨਿਯਮਾਂ ਅਨੁਸਾਰ ਤਿੰਨ ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਪਿੱਛੋਂ ਪੁਲਿਸ ਨੂੰ ਦੱਸਿਆ ਗਿਆ ਹੈ। ਲਵਪ੍ਰੀਤ ਸਿੰਘ ਬਰਾਂਚ ਮੈਨੇਜਰ ਤੇ ਸੁਰਿੰਦਰ ਕੁਮਾਰ ਗੋਦਾਮ ਇੰਚਾਰਜ ਸਨ, ਪਰ ਦੋਵਾਂ ਦੇ ਗੁਦਾਮਉੱਤੇ ਤਾਲੇ ਲੱਗੇ ਹੋਣ ਕਾਰਨ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਸੀ।ਮਾਰਕਫੈੱਡ ਦੇ ਡੀਐੱਮ ਬਲਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸ਼ਿਕਾਇਤ ਤੋਂ ਬਾਅਦ ਡੀਐੱਸਪੀਨੇ ਇਸ ਦੀ ਜਾਂਚ ਕੀਤੀ ਅਤੇ ਘੋਟਾਲੇ ਦੀ ਤਸਦੀਕ ਹੋਈ ਹੈ। ਇਸ ਤੋਂ ਪਹਿਲਾਂ 31 ਮਾਰਚ ਨੂੰ ਜਦੋਂ ਗੁਦਾਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਤਾਂ ਸਭ ਠੀਕ ਸੀ, ਪਰ 23 ਮਈ ਨੂੰ ਪੜਤਾਲ ਕੀਤੀ ਤਾਂ ਰਿਕਾਰਡ ਰਜਿਸਟਰ ਅਨੁਸਾਰ ਗੁਦਾਮਾਂ ਦਾਮਾਲਪੂਰਾਨਹੀਂ ਸੀ। ਦੋ ਗੁਦਾਮਾਂ ਵਿੱਚੋਂ 9634 ਕੁਇੰਟਲ ਕਣਕ ਗਾਇਬ ਸੀ।ਇਸ ਦੇ ਬਾਅਦ ਇਹ ਭੇਦ ਖੁੱਲ੍ਹਾ ਕਿ ਸਰਕਾਰੀ ਕਣਕ ਬਾਹਰ ਮੰਡੀ ਵਿੱਚਵੇਚੀ ਜਾ ਰਹੀ ਹੈ।

# ਅਫਗਾਨਿਸਤਾਨ ਵਿੱਚ 6 .1 ਸਕੇਲ ਦੀ ਤੀਬਰਤਾ ਦਾ ਭੂਚਾਲ, ਮੌਤਾਂ ਦੀ ਗਿਣਤੀ 1000 ਨੂੰ ਟੱਪੀ

ਪੰਨਾ 1 ਦਾ ਬਾਕੀ

ਸਮਾਚਾਰ ਏਜੰਸੀ ਸ਼ਿਨਹੂਆ ਨੇ ਇੱਕ ਸਰਕਾਰੀ ਟਵੀਟ ਦੇ ਹਵਾਲੇ ਨਾਲ ਕਿਹਾ ਕਿ ਭੂਚਾਲ ਦੇ ਕੁਝ ਘੰਟੇ ਬਾਅਦ ਕਾਰਜਕਾਰੀ ਪ੍ਰਧਾਨ ਮੰਤਰੀ ਮੁੱਲਾ ਮੁਹੰਮਦ ਹਸਨ ਅਖੁੰਦ ਨੇ ਐਮਰਜੈਂਸੀ ਕੈਬਨਿਟ ਮੀਟਿੰਗ ਕੀਤੀ ਅਤੇਭੂਚਾਲ ਕਾਰਨ ਹੋਏ ਜਾਨੀ ਨੁਕਸਾਨ ਉੱਤੇ ਦੁੱਖ ਪ੍ਰਗਟ ਕੀਤਾ ਤੇ ਆਪਣੇ ਲੋਕਾਂ ਨੂੰ ਗੁਆਉਣ ਵਾਲੇ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ। ਮੀਟਿੰਗ ਵਿੱਚ ਸਾਰੀਆਂ ਸਬੰਧਤ ਏਜੰਸੀਆਂ ਨੂੰ ਤੁਰੰਤ ਮੌਕੇ ਉੱਤੇਜਾਣਤੇ ਪ੍ਰਭਾਵਿਤ ਲੋਕਾਂ ਦੀ ਜਾਨ ਬਚਾਉਣ ਲਈ ਸਾਰੇ ਸਾਧਨਾਂ ਦੀ ਵਰਤੋਂ ਅਤੇ ਹਰ ਲੋੜੀਂਦੀ ਸਹਾਇਤਾ ਕਰਨ ਲਈ ਕਿਹਾ ਹੈ। ਇਸਦੇਸ਼ ਉੱਤੇ ਇਹ ਤਬਾਹੀ ਓਦੋਂ ਆਈ ਹੈ, ਜਦੋਂ ਅਫਗਾਨਿਸਤਾਨ ਤੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਹੋਣਤੇ ਤਾਲਿਬਾਨ ਦੇ ਸੱਤਾ ਉੱਤੇ ਕਬਜ਼ੇਪਿੱਛੋਂਸੰਸਾਰ ਭਾਈਚਾਰੇ ਨੇ ਇਸ ਦੇਸ਼ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ। ਇਸ ਕਾਰਨ 3.8 ਕਰੋੜ ਦੀ ਆਬਾਦੀ ਵਾਲੇ ਦੇਸ਼ ਵਿੱਚ ਬਚਾਅ ਕਾਰਜ ਚਲਾਉਣਾ ਕਾਫ਼ੀ ਔਖਾ ਹੋਵੇਗਾ। ਤਾਲਿਬਾਨ ਸਰਕਾਰ ਦੇ ਉਪ ਬੁਲਾਰੇ ਬਿਲਾਲ ਕਰੀਮੀ ਨੇ ਟਵੀਟ ਕੀਤਾ ਕਿ ਪਕਤਿਕਾ ਸੂਬੇ ਦੇ ਚਾਰ ਜ਼ਿਲਿਆਂਵਿੱਚ ਭਿਆਨਕ ਭੂਚਾਲਵਿੱਚ ਦੇਸ਼ ਦੇ ਸੈਂਕੜੇ ਲੋਕ ਮਾਰੇ ਗਏ ਤੇ ਕਈ ਘਰ ਤਬਾਹ ਹੋਏ ਹਨ।ਅਸੀਂ ਸਭ ਸਹਾਇਤਾ ਏਜੰਸੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਹੋਰ ਤਬਾਹੀ ਰੋਕਣ ਲਈ ਤੁਰੰਤ ਇਸ ਪਾਸੇ ਟੀਮਾਂ ਭੇਜਣ।

# ਨੋਵਾ ਸਕੋਸ਼ੀਆ ਸ਼ੂਟਿੰਗ ਸਬੰਧੀ ਜਾਂਚ ਵਿੱਚ ਦਖ਼ਲਅੰਦਾਜ਼ੀ ਕਰਨ ਦੇ ਦੋਸ਼ਾਂ ਤੋਂ .....

ਪੰਨਾ 1 ਦਾ ਬਾਕੀ

ਦਸਤਾਵੇਜ਼ਾਂ ਅਨੁਸਾਰ ਨੋਵਾ ਸਕੋਸ਼ੀਆ ਦੀ ਇਸ ਮਾਸ ਸ਼ੂਟਿੰਗ ਦੀ ਘਟਨਾ ਤੋਂ 10 ਦਿਨ ਬਾਅਦ ਲੱਕੀ ਨੇ ਇੱਕ ਮੀਟਿੰਗ ਵਿੱਚ ਪ੍ਰੈੱਸ ਬ੍ਰੀਫਿੰਗਜ਼ ਕਰ ਰਹੀ ਨੋਵਾ ਸਕੋਸ਼ੀਆ ਡਵੀਜ਼ਨ ਦੀ ਨੁਕਤਾਚੀਨੀ ਕਰਦਿਆਂ ਨਿਰਾਸ਼ਾ ਪ੍ਰਗਟਾਈ। ਉਨ੍ਹਾਂ ਸੰਕੇਤ ਦਿੱਤਾ ਕਿ ਹਮਲਾਵਰ ਵੱਲੋਂ ਵਰਤੇ ਗਏ ਹਥਿਆਰ ਬਾਰੇ ਜਿਸ ਤਰ੍ਹਾਂ ਦੀ ਖਾਸ ਜਾਣਕਾਰੀ ਉਹ ਮੁਹੱਈਆ ਕਰਵਾਉਣੀ ਚਾਹੁੰਦੀ ਸੀ ਇਸ ਡਵੀਜ਼ਨ ਵੱਲੋਂ ਅਜਿਹਾ ਕੁੱਝ ਨਹੀਂ ਕੀਤਾ ਗਿਆ ਤੇ ਇਸ ਲਈ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਉਨ੍ਹਾਂ ਦੀ ਹੁਕਮਅਦੂਲੀ ਹੋਈ।

ਹੱਥ ਲਿਖਤ ਨੋਟਸ ਵਿੱਚ ਨੋਵਾ ਸਕੋਸ਼ੀਆ ਆਰਸੀਐਮਪੀ ਸੁਪਰਡੈਂਟ ਡੈਰਨ ਕੈਂਪਬੈੱਲ ਨੇ ਲਿਖਿਆ ਕਿ ਲੱਕੀ ਨੇ ਇਹ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਵੱਲੋਂ ਤਤਕਾਲੀ ਪਬਲਿਕ ਸੇਫਟੀ ਮੰਤਰੀ ਬਲੇਅਰ ਤੇ ਪ੍ਰਧਾਨ ਮੰਤਰੀ ਆਫਿਸ ਨੂੰ ਇਹ ਵਾਅਦਾ ਕੀਤਾ ਗਿਆ ਸੀ ਕਿ ਆਰਸੀਐਮਪੀ ਉਹੀ ਜਾਣਕਾਰੀ ਰਲੀਜ਼ ਕਰੇਗੀ ਜਿਹੜੀ ਉਨ੍ਹਾਂ ਨੂੰ ਆਖੀ ਗਈ ਹੈ ਤੇ ਅਜਿਹਾ ਇਸ ਲਈ ਜ਼ਰੂਰੀ ਸੀ ਕਿਉਂਕਿ ਇਹ ਪੈਂਡਿੰਗ ਗੰਨ ਕੰਟਰੋਲ ਬਿੱਲ ਨਾਲ ਸਬੰਧਤ ਸੀ। ਉਸ ਸਮੇਂ ਨੋਵਾ ਸਕੋਸ਼ੀਆ ਆਰਸੀਐਮਪੀ ਨੇ ਇਹ ਆਖਿਆ ਸੀ ਕਿ ਵਾਧੂ ਦੀ ਜਾਣਕਾਰੀ ਰਲੀਜ਼ ਕਰਨ ਨਾਲ ਹਥਿਆਰਾਂ ਤੱਕ ਹਮਲਾਵਰ ਦੀ ਪਹੁੰਚ ਬਾਰੇ ਜਾਰੀ ਜਾਂਚ ਖਤਰੇ ਵਿੱਚ ਪੈ ਜਾਵੇਗੀ।

ਇਸ ਤੋਂ ਕੁੱਝ ਦਿਨ ਬਾਅਦ ਪ੍ਰਧਾਨ ਮੰਤਰੀ ਨੇ 1500 ਅਸਾਲਟ-ਸਟਾਈਲ ਹਥਿਆਰਾਂ ਉੱਤੇ ਪਾਬੰਦੀ ਲਾਉਣ ਦਾ ਐਲਾਨ ਕਰ ਦਿੱਤਾ। ਇਨ੍ਹਾਂ ਵਿੱਚ ਨੋਵਾ ਸਕੋਸ਼ੀਆ ਸ਼ੂਟਿੰਗ ਦੌਰਾਨ ਵਰਤੇ ਗਏ ਹਥਿਆਰ ਵੀ ਸ਼ਾਮਲ ਸਨ। ਮੰਗਲਵਾਰ ਦੇਰ ਰਾਤ ਜਾਰੀ ਕੀਤੇ ਬਿਆਨ ਵਿੱਚ ਲੱਕੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਕਦੇ ਕਿਸੇ ਜਾਂਚ ਨੂੰ ਖਤਰੇ ਵਿੱਚ ਨਹੀਂ ਪਾਇਆ ਗਿਆ ਨਾ ਹੀ ਇਸ ਮਾਮਲੇ ਵਿੱਚ ਦਖਲਅੰਦਾਜ਼ੀ ਕੀਤੀ ਗਈ ਹੈ।

# ਜਵਾਈ ਵੱਲੋਂ ਸਹੁਰੇ ਪਿੰਡ ਜਾ ਕੇ ਖੁਦਕੁਸ਼ੀ

ਮਾਛੀਵਾੜਾ, 22 ਜੂਨ (ਪੋਸਟ ਬਿਊਰੋ)- ਇੱਥੋਂ ਨੇੜਲੇ ਪਿੰਡ ਬਹਿਲੋਲਪੁਰ ਵਿੱਚ ਗੁਰਦੀਪ ਸਿੰਘ ਪਿੰਡ ਰੋਸੜਾ, ਥਾਣਾ ਨੂਰਪੁਰਬੇਦੀ ਨੇ ਖੁਦਕੁਸ਼ੀ ਕਰ ਲਈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮ੍ਰਿਤਕ ਦੇ ਪਿਤਾ ਜਸਵੰਤ ਸਿੰਘ ਨੇ ਦਸਿਆ ਕਿ ਗੁਰਦੀਪ ਸਿੰਘ ਦਾ ਵਿਆਹ 2018 ਵਿੱਚ ਬਹਿਲੋਲਪੁਰ ਵਾਸੀ ਸੋਹਣ ਸਿੰਘ ਦੀ ਧੀ ਰਣਜੀਤ ਕੌਰ ਨਾਲ ਹੋਇਆ ਸੀ। ਉਨ੍ਹਾਂ ਦੇ ਘਰ ਲੜਕੇ ਗੁਰਫਤਿਹ ਸਿੰਘ ਨੇ ਜਨਮ ਲਿਆ, ਜਿਸ ਦੀ ਉਮਰ ਤਿੰਨ ਸਾਲ ਹੈ। ਤਲਾਕ ਪਿੱਛੋਂ ਗੁਰਫਤਿਹ ਆਪਣੀ ਮਾਂ ਨਾਲ ਰਹਿੰਦਾ ਸੀ ਜਿਸ ਨੂੰ ਮਿਲਣ ਗੁਰਦੀਪ ਤੇ ਉਸ ਦਾ ਪਰਵਾਰ ਕਦੇ ਕਦੇ ਬਹਿਲੋਲਪੁਰ ਜਾਂਦੇ ਸਨ। ਕਰੀਬ ਦੋ ਮਹੀਨੇ ਪਹਿਲਾਂ ਰਣਜੀਤ ਕੌਰ ਕੈਨੇਡਾ ਚਲੀ ਗਈ, ਜਿਸ ਤੋਂ ਬਾਅਦ ਦੋ ਕੁ ਵਾਰ ਗੁਰਦੀਪ ਆਪਣੇ ਬਿਮਾਰ ਪੁੱਤਰ ਨੂੰ ਮਿਲਣ ਗਿਆ। ਕੱਲ੍ਹ ਜਦੋਂ ਉਹ ਗੁਰਫਤਿਹ ਨੂੰ ਮਿਲਣ ਗਿਆ ਤਾਂ ਦੁਪਹਿਰੇ 12 ਵਜੇ ਉਸ ਨੇ ਆਪਣੇ ਛੋਟੇ ਭਰਾ ਗੁਰਪ੍ਰੀਤ ਸਿੰਘ ਨੂੰ ਵਟਸਐਪ ਉੱਤੇ ਵੀਡੀਓ ਭੇਜੀ, ਜਿਸ ਵਿੱਚ ਉਹ ਕਹਿ ਰਿਹਾ ਸੀ ਕਿ ਉਸ ਦੇ ਸਹੁਰੇ, ਸੱਸ ਤੇ ਸਾਲਿਆਂ ਨੇ ਉਸ ਨੂੰ ਆਪਣੇ ਪੁੱਤਰ ਨੂੰ ਮਿਲਣ ਤੋਂ ਰੋਕਿਆ ਅਤੇ ਧਮਕੀਆਂ ਵੀ ਦਿੱਤੀਆਂ ਹਨ। ਉਸ ਨੇ ਵੀਡੀਓ ਵਿੱਚ ਕਿਹਾ ਕਿ ਉਸ ਦੇ ਸਹੁਰੇ ਨੇ ਜ਼ਬਰਦਸਤੀ ਉਸ ਦਾ ਤਲਾਕ ਕਰਾਇਆ ਸੀ, ਜਦ ਕਿ ਰਣਜੀਤ ਕੌਰ ਇਸ ਲਈ ਰਾਜ਼ੀ ਨਹੀਂ ਸੀ। ਉਸ ਨੇ ਕਿਹਾ ਕਿ ਉਸ ਦੀ ਮੌਤ ਦਾ ਜ਼ਿੰਮੇਵਾਰ ਸਹੁਰਾ ਪਰਵਾਰ ਹੋਵੇਗਾ। ਕੁਝ ਸਮੇਂ ਬਾਅਦ ਬਹਿਲੋਲਪੁਰ ਤੋਂ ਫੋਨ ਆਇਆ ਕਿ ਗੁਰਦੀਪ ਪਿੰਡ ਦੇ ਬਿਜਲੀ ਘਰ ਨੇੜੇ ਪਿਆ ਹੈ। ਜਦੋਂ ਉਹ ਪਹੁੰਚੇ ਤਾਂ ਗੁਰਦੀਪ ਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ। ਉਹ ਤੁਰੰਤ ਉਸ ਨੂੰ ਚਮਕੌਰ ਸਾਹਿਬ ਦੇ ਹਸਪਤਾਲ ਲੈ ਗਏ, ਜਿੱਥੋਂ ਉਸ ਨੂੰ ਪੀ ਜੀ ਆਈ ਰੈਫਰ ਕਰ ਦਿੱਤਾ ਗਿਆ, ਪਰ ਰਾਹ ਵਿੱਚ ਹੀ ਉਸ ਦੀ ਮੌਤ ਹੋ ਗਈ।













# ਰਚਨਾਤਮਕ ਊਰਜਾ ਦਾ ਸਰੋਤ-ਚੁੱਪ ਜਾਂ ਮਾਨਸਿਕ ਨਿਖਾਰ ਦਾ ਮਾਰਗ- ਚੁੱਪ

ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ

ਚੁੱਪ ਮਨੁੱਖੀ ਜ਼ੀਂਦਗੀ ਦਾ ਅਹਿਮ ਤੇ ਰਹੱਸਮਈ ਪਹਿਲੂ ਹੈ. ਜਿਸ ਦੇ ਹਾਵ-ਭਾਵ ਦੀ ਕਿਰਿਆ ਹੀਜਵਾਬਦਾਰ ਹੁੰਦੀ ਹੈ । ਚੁੱਪ ਦੀ ਭਾਸ਼ਾਨੂੰ ਸਮਝਣਾ ਜਾ ਵੱਸ ਵਿਚ ਕਰਨਾ ਅਸਾਨ ਨਹੀਂ। ਜਿਸ ਦੀ ਪ੍ਰੋੜਤਾ ਗੁਰਬਾਣੀ ਦੀਆ ਤੁਕਾ " ਚੁੱਪਾਂ ਚੁੱਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ " ਵਿਚ ਵੀ ਦਰਸਾਇਆ ਹੈ । ਭਾਂਵੇ ਆਪਣਾ ਧਿਆਨ ਕਿਤੇਵੀ ਕੇਂਦਰਤ ਕਰਨ ਦੀ ਕੋਸਿਸ ਕਰੀਏ ਫਿਰ ਵੀ ਚੁੱਪ ਨਹੀ ਰਿਹ ਸਕਦੇ ।ਮਨ ਦੇ ਸਹਿਜ ਵਿਚਾਰ ਜਾ ਬਾਹਰੀ ਸੰਸਾਰ ਦਾ ਅਵੱਲੜ ਵਰਤਾਰਾ ਚੁੱਪ ਨਾਲ ਸਹਿਚਾਰ ਨਹੀ ਬਣਨ ਦਿੰਦਾ ।ਬੋਲਣਾ ਬਹੁਤ ਅਸਾਨ ਕਾਰਜ਼ ਹੈ ।ਪਰਅਜਿਹੇ ਅਨੇਕ ਪੜਾਅ ਹਨ ਜਿੱਥੇ ਵਕਤ ਦੇ ਤਕਾਜ਼ੇ ਨਾਲ ਚੁੱਪ ਰਹਿਣਾ ਹੀ ਠੀਕ ਸਮਝਿਆ ਜਾਂਦਾ ਹੈ ਅਕਸਰ ਸਿਆਣੇ ਸਮਝਾਉਂਦੇ ਹਨ,ਜੇ ਲੜਾਈ ਵਿੱਚ ਇੱਕ ਧਿਰ ਚੁੱਪ ਹੋ ਜਾਵੇ ਬਹੁਤੇ ਮਸਲਾ ਹੱਲ ਹੋ ਜਾਂਦੇ ਹਨ । ਤੋਲ ਕੇ ਬੋਲੇ ਸਬਦਾਨਾਲ ਹੀ ਘਰ ਬੱਝੇ ਰਹਿੰਦੇ ਹਨ ਜਿਸ ਸਕਦਾ ਸਰੀਕੇ ਵਿਚ ਕੁਨਬੇ ਦੇ ਰੁਤਬੇ ਦਾ ਵਾਧਾ ਹੁੰਦਾ ਹੈ. ਚੁੱਪ ਹੀ ਉਮਰ ਭਰ ਰਿਸ਼ਤੇ ਨਿਭਾਉਣ ਵਿਚ ਸਹਾਈ ਹੈ. ਸ਼ਾਇਦ ਇਸੇ ਲਈ ਪੰਜਾਬੀ ਦਾ ਅਖਾਣ " ਇਕ ਚੁਪ ਸੋ ਸੁੱਖ"ਸਮਾਜਿਕਵਿਵਹਾਰ ਦਾ ਹਿੱਸਾ ਬਣ ਗਿਆ ।

ਅਜਿਹੇਅਨੇਕਾ ਕੰਮਾਂ ਜੋ ਸੁਣਨ ਨਾਲ ਹੀ ਸਮਝੇ ਜਾ ਸਕਦੇਹਨ. ਪਰਸਮਝਣ ਲਈ ਲਈ ਚੁੱਪ ਜਰੂਰੀ ਹੈ. ਸਿੱਖਣ ਤੇ ਸਮਝਣ ਲਈ ਚੁੱਪਬੋਲਣ ਦੇ ਬਰਾਬਰਦੀਅਹਿਮੀਅਤ ਹੈ. ਇਸੇ ਲਈ ਅੰਗਰੇਜ਼ੀ ਭਾਸ਼ਾ ਨੇ ਸ਼ਬਦ ਅਤੇ ਅੱਖਰਾਂ ਦੀ ਗਿਣਤੀਵਿੱਚ ਮਾਸਾ ਫਰਕ ਨਹੀ . ਜੋ ਚੁੱਪ ਅਤੇ ਸੁਣਨ ਦੀ ਮਹਾਨਤਾ ਸਮਾਨਤਾ ਨੂੰ ਦਰਸਾਉਂਦਾ ਹੈ.ਇਹ ਸਾਡੀਕਲਪਨਾ ਦੇ ਅਲੋਕਾਰੀ ਵਿਚਾਰਾ ਵਿਚ ਵਾਧਾ ਕਰਦੀ ਹੈ. ਉਸਉਮਦਾਖ਼ਜ਼ਾਨੇ ਨੂੰ ਲੇਖਣੀ ਜਾਂ ਨਾਟ ਕਲਾ ਰਾਹੀਂ ਪੇਸ਼ ਕਰ ਸਕਦੇ ਹਾਂ.

ਚੁੱਪ ਲਾਤੀਨੀ ਭਾਸ਼ਾ ਦੇ ਸ਼ਬਦ ਸਾਈਲੈਂਸ ਤੋਂ ਆਇਆ ਹੈ ਜਿਸਦਾ ਅਰਥਸ਼ਾਂਤ ਜਾਂ ਆਵਾਜ਼ ਦੀ ਅਣਹੋਂਦ ਹੈ ।ਜੋਧਿਆਨ ਨੂੰ ਉਤਸ਼ਾਹਿਤ ਕਰਦੀਤੇ ਇਕਾਗਰਤਾ ਨੂੰ ਵਧਾਉਂਦੀ ਹੋਈ ਛੁਪੀ ਕਲਾ ਨਾਲ ਜੁੜਨ ਦੀ ਆਗਿਆ ਦਿੰਦੀ ਹੈ। ਜਿਸ ਨਾਲ ਸੋਚਣ ਅਤੇ ਕੰਮ ਕਰਨ ਦੀ ਸ਼ਕਤੀ ਪ੍ਰਪਤ ਕਰਦੇ ਹਾ। ਪਰ ਅਜੋਕੇ ਸਮੇ ਚੁੱਪ ਸ਼ਬਦ ਖੌਫਨਾਲਜੋੜ ਦਿੱਤਾ । ਚੁੱਪ ਨੂੰ ਅੰਦਰੂਨੀ ਤੌਰ ਤੇ ਖਤਰਨਾਕ, ਸਮਾਜ ਵਿਰੋਧੀ ਜਾਂ ਅਸਧਾਰਨ ਵਜੋਂ ਦੇਖਦੇ ਹਾਂ। ਨੇਤਾਵਾਂ ਦਾ ਬੋਲਣਾ ਭੈਭੀਤ ਨਹੀਂ ਕਰਦਾਸਗੋਂ ਉਹਨਾਂ ਦੇ ਮੂੰਹ ਤੇ ਪੱਸਰੀ ਚੁੱਪ ਨਾਲਸਨਾਟਾ ਫੈਲ ਜਾਦਾਹੈ. ਜਿਸਦੇ ਬੋਲਣ ਨਾਲ ਨੀਤੀਆਂ ਬਣਦੀਆਂ ਤੇ ਬਦਲਦੀਅਤੇ ਪਾਰਟੀ ਦੀ ਦਸ਼ਾ ਰਾਤੋ ਰਾਤ ਬਦਲ ਜਾਂਦੀ ਹੈ. ਹਨ. ਉਸੇ ਤਰ੍ਹਾਂ ਅੱਲ੍ਹੜ ਉਮਰੇ ਦੀ ਚੁੱਪ ਮਾਪਿਆਂ ਦਾ ਚੈਨ ਉਡਾ ਦਿੰਦੀ ਹੈ. ਭਾਵੇਂ ਉਹਅਣਬੁੱਝੇ ਸਵਾਲਾਂ ਦੇ ਫੈਸਲੇ ਸਾਰਥਿਕ ਹੀ ਹੋਵਣ.ਕੁਝਤਰਕਹੀਣ ਤੱਥਾ ਕਾਰਨਅਸੀਂ ਚੁੱਪ ਤੋਂ ਡਰਦੇ ਅਤੇ ਨਫ਼ਰਤ ਕਰਦੇ ਹਾਂ । ਇਸ ਤੋਂ ਬਚਣ ਲਈ ਹਰ ਸੰਭਵ ਕੋਸ਼ਿਸ਼ ਹੁੰਦੀ ਹੈ।ਲੰਡਨ ਦੀਲੇਖਿਕਾਸਾਰਾ ਮੈਟਲੈਂਡ ਨੇ ਆਪਣੀ ਪ੍ਰਕਾਸ਼ਨ"ਚੁੱਪ ਦੀ ਕਿਤਾਬ" ਵਿੱਚ ਕਿਹਾ ਕਿ ਚੁੱਪ ਸਿਰਫ਼ ਆਵਾਜ਼ ਦੀਅਣਹੋਂਦ ਨਹੀਂ ਹੈ, ਇਹ ਇਸ ਤੋਂ ਵੱਧ ਹੈ। ਚੁੱਪ ਇੱਕ ਕੁਦਰਤੀ ਵਰਤਾਰਾ ਹੈ ਜੋ ਰਚਨ-ਾਤਮਕ ਊਰਜਾ ਦਾ ਇੱਕ ਸਰੋਤ ਹੋ ਸਕਦਾ ਹੈ ਇਸ ਤੋਂ ਬਚਣ ਦੀ ਬਜਾਏ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਲਾਭ ਲੈਣਾ ਚਾਹੀਦਾ ਹੈ। ਅਸੀਂ ਆਪਣੀ ਜ਼ਿੰਦਗੀ ਵਿੱਚ ਚੁੱਪ ਦੀ ਕਦਰ ਨਹੀਂ ਕਰਦੇ ਉਲਟਾ ਰੌਲੇ-ਰੱਪੇ ਦੇ ਆਦੀ ਹੋ ਗਏ ਹਾਂ। ਵਿੰਡਵਨਾ ਇਹ ਵੀ ਹੈ ਅਗਸਤ 2021 ਦੇਕੌਮਾਂਤਰੀ ਸਰਵੇ ਅਨੁਸਾਰ ਭਾਰਤ ਸਾਂਤ ਦੇਸ਼ਾ ਦੇ ਰੈਂਕ ਵਿੱਚ 135ਵਾਂ ਸਥਾਨ ਅਤੇ ਆਇਸਲੈਂਡ ਪਹਿਲੇ ਸਥਾਨ ਤੇ ਹੈ । ਜਦੋ ਕਿ ਭਾਰਤ ਉਸ ਤੋ 32 ਗੁਣਾ ਵੱਡਾ ਤੇ ਵਾਧੂ ਵਿਕਾਸ ਦੇ ਸੋਮੇ ਮੋਜੂਦ ਹਨ



ਚੁੱਪ ਵਿੱਚ ਰਚਨਾਤਮਕਤਾ ਕਿਰਿਆ ਦਾ ਅਹਿਮ ਪਹਿਲੂ ਛੁਪਿਆ ਹੈ । ਧਰਤੀ ਉਪਰ ਜੀਵਤ ਪ੍ਰਣਾਲੀਆ ਨਾਲੋ ਮਨੁੱਖ ਦਿਮਾਗੀ ਤੌਰ ਤੇ ਵਧੇਰੇ ਵਿਕਸਤ ਹੈ । ਪਰ ਕੁਝ ਗੈਰ-ਸਿਹਤਮੰਦ ਆਦਤਾਂ ਦੁਆਰਾ ਇਹ ਗੁਣ ਨਵਾਣ ਵੱਲ ਜਾ ਰਿਹਾ ਹੈ ।ਕਿਸੇ ਵੀ ਕਿਰਿਆ ਸਮੇ ਅਸਾਂਤ ਵਾਤਾਵਰਨ ਯਕੀਨੀਨ ਇਕ-ਾਗਰਤਾ ਨੂੰ ਪ੍ਰਭਾਵਤ ਕਰਦਾ ਹੈ। ਨਤੀਜੇ ਵਜੋਂ ਕੰਮ ਦੀ ਗੁਣਵੱਤਾ ਉਪਰ ਅਸਰ ਪੈਦੇ ਹੈ ।ਰਚਨ-ਾਤਮਕਤਾ ਨੂੰ ਚੁੱਪ ਅਤੇ ਸ਼ਾਂਤ ਵਾਤਾਵਰਨ ਦੀ ਲੋੜ ਹੁੰਦੀ ਹੈ। ਇਹ ਮਹੋਲ ਲਿਖਾਵਟ ਲਈ ਫਸਲਾਂ ਨੂੰ ਲੋੜੀਂਦੀ ਖਾਦ ਵਾਗ ਹੈ । ਜੋ ਰਚਨ-ਾਕਾਰ ਨੂੰ ਪ੍ਰਤਿਭਾ ਵਿਕਸਤ ਕਰਨ ਅਤੇ ਡੂੰਘਾਈ ਨਾਲ ਸੋਚਣ ਦੀ ਆਗਿਆ ਦਿੰਦਾ ਹੈ।ਅਜਿਹਾਪ੍ਰੇਰਨਾਮਈ ਪਲ ਬੁੱਧੀਜੀਵੀ, ਚਿੰਤਕ, ਕਲਾਕਾਰ , ਲੇਖਕ, ਖੋਜਕਾਰ ਹਮੇਸ਼ਾਂ ਲੋਚਦੇਹਨ ਤਾਂ ਜੋ ਕੋਮਲ ਅਹਿਸਾਸਾ ਨੂੰ ਲੈਅ ਬੰਧਕਰ ਸਕਣ । ਇਬਾਰਤ ਵੀ ਚੁੱਪ ਦੀ ਉਪਜ ਹੈ।ਪਰਸੀਅਨ ਅਦਬੀ ਕਲਮਕਾਰ ਰੂਮੀ ਨੇ ਚੁੱਪ ਦੀ ਮਹਾਨ-ਤਾ ਬਾਰੇ ਲਿਖਿਆ" ਕਿ ਚੁੱਪ ਇੱਕ ਸਮੁੰਦਰ ਵਾਂਗ ਹੈ । ਬੋਲੀ ਜਿਸ ਦਾ ਦਰਿਆਈ ਵਹਾਅ ਹੈ। ਜਦੋਂ ਸਮੁੰਦਰ ਤੁਹਾਨੂੰ ਲੱਭ ਰਿਹਾ ਹੋਵੇ ਤਾ ਨਦੀ ਵੱਲ ਨਾ ਜਾਓ, ਸਮੁੰਦਰ ਨੂੰ ਸੁਣੋ " ਇਸ ਲਈ ਚੁੱਪ ਨੂੰ ਰਚਨਾਤਮਕਤਾ ਦਾ ਸੋਮਾ ਕਿਹਣ ਵਿੱਚ ਕੋਈ ਅਤਿਕਥਨੀ ਨਹੀ ਹੋਵੇਗਾ ।"

ਚੁੱਪ ਅੰਦਰੂਨੀ ਤੋਰ ਤੇ ਉਤਸ਼ਾਹਿਤ ਅਤੇ ਵਿਸ਼ਵਾਸ ਪੈਦਾ ਕਰਦੀ ਹੈ। ਅਸੀ ਬਾਹਰੀਵਿਚਾਰਾਂਤੋਹਟਕੇਅੰਤਰਮੁੱਖੀ ਗਆਨ ਵੱਲਕੇਂਦਰਿਤ ਹੁੰਦੇ ਹਾਂ । ਜਿਸ ਨਾਲ ਦਿਮਾਗ ਨੂੰ ਅਲੌਕਿਕ ਸ਼ਕਤੀ ਪ੍ਰਾਪਤ ਹੁੰਦੀ ਹੈ। ਉਸੇ ਤਰ੍ਹਾਂ ਸੰਸਾਰ ਨੂੰ ਦੇਖਣਾ ਸ਼ੁਰੂ ਕਰ ਦਿੰਦੇ ਹਾਂ ਜਿਵੇਂ ਇਹ ਹੋਣਾ ਚਾਹੀਦਾ । ਸਾਡੇ ਵਿਚਾਰ ਕਦੇ-ਕਦੇ ਸਾਡੀ ਅਸਲੀਅਤ ਦੇ ਰਾਹ ਵਿੱਚ ਆ ਜਾਂਦੇ ਹਨ ।ਅਸੀਂ ਆਪਣੇ ਆਲੇ ਦੁਆਲੇ ਦੀ ਸੁੰਦਰਤਾ ਨੂੰ ਨਹੀਂ ਦੇਖਦੇ। ਜਦੋਂ ਚੁੱਪ ਹੁੰਦੀ ਹੈ ਤਾਂ ਆਤਮ-ਨਿਰੀਖਣ ਅਤੇ ਸੱਚੇ-ਮਨ ਨੂੰ ਬੋਲਣ ਦੀ ਇਜਾਜ਼ਤਮਿਲਦੀ ਹੈ।ਜਿਸ ਸਦਕੇਅਟਲ ਸਚਾਈ ਆਪ-ਮੁਹਾਰੇ ਪ੍ਰਕਰਮਾ ਕਰਦੀ ਹੈ ।ਇਹ ਅੰਦਰੂਨੀ ਆਵਾਜ਼ ਨੂੰ ਸਮਝਣ,ਸੁਣਨ ਅਤੇ ਸੋਚਣ ਦੇ ਯੋਗ ਬਣਾਉਂਦੀ ਹੈ। ਇਹ ਆਪਣੇ ਆਪ ਨੂੰ ਜਾਣਣ ਦਾ ਉਤਮ ਮੌਕਾ ਹੁੰਦਾ ਹੈ। ਚੁੱਪ ਸਾਡੀਆਂ ਕਦਰਾਂ-ਕੀਮਤਾਂ, ਖੂਬੀਆਂ , ਵਿਰਤੀਆਂ , ਸੀਮਾਵਾਂ ਲੱਭ ਟੀਚੇਮਿਥ ਕੇਸਹੀ ਦਿਸ਼ਾ ਵੱਲ ਮੋੜਦੀ ਹੈ।

ਚੁੱਪ ਮਾਨਸਿਕ ਤੇ ਸਰੀਰਕ ਤੋਰ ਤੇ ਸਕੂਨ ਪ੍ਰਦਾਨ ਕਰਦੀ ਹੈ ।ਇਸੇ ਲਈ ਧਾਰਮਿਕ ਸਥਾਨਾ ਅਤੇ ਹਸਪਤਾਲਾ ਵਿੱਚ ਟਿਕਾਵਾਲੇਮਹੋਲ ਦਾ ਖਾਸ ਧਿਆਨ ਰੱਖਦੇ ਹਨਜਿਸਦੀਆਧੁਨਿਕ ਜੀਵਨ ਵਿੱਚ ਅਤਿ ਘਾਟ ਰੜਕਦੀ ਹੈ । ਲੋਕਾ ਦੀ ਬੇਚੈਨੀ ਦਰਸਾਉਂਦੀ ਹੈ ਕਿ ਉਹ ਚੁੱਪ ਤੋਂ ਕਿੰਨੇ ਦੂਰਹਨ।ਹਾਈਪਰਐਕਟੀਵਿਟੀ ਦੀ ਸਮੱਸਿਆ ਵਧਦੀ ਜਾ ਰਹੀ ਹੈਜੋ ਦਿਮਾਗੀ ਰੌਲੇ-ਰੱਪੇ ਚਲਦਿਆ ਸ਼ਾਂਤ ਹੋਣ ਤੋਂ ਰੋਕਦੀ ਹੈ। ਅਸੀਂ ਵਰਤਮਾਨ ਪਲ ਨੂੰ ਜੀਣ ਲਈ ਅਤੀਤ ਅਤੇ ਭਵਿੱਖ ਨੂੰ ਭੁੱਲ ਜਾਂਦੇ ਹਾਂ।ਕਈ ਵਾਰ ਅਸਾਂਤ ਸਮੇ ਅਤੇ ਊਣੇ ਗਿਆਨਦੇ ਬੋਲ ਨਾਸੂਰ ਬਣ ਉਭਰਦੇ ਹਨ। ਅਜਿਹੇ ਮੌਕੇ ਸੁਲਝੇ ਮਨੁੱਖ ਨੂੰ ਸਾਂਤ ਰਿਹਣਾਹੀ ਸਹੀ ਜਾਪਦਾ ਹੈ ।ਜਿਸਦੀ ਹਾਮੀ ਗੁਰਾ ਦੀ ਬਾਣੀ "ਜਿਥੈ ਬੋਲਿਣ ਹਾਰੀਐ,ਤਿਥੈ ਚੰਗੀ ਚੁੱਪ " ਦਾ ਵਾਕ ਵੀਹਾਰਨ ਦੀ ਬੋਲੀ ਬੋਲਣ ਤੋ ਵਰਜਿਤ ਕਰਦੇ ਹੋਏ ਚੁੱਪ ਰਿਹਣ ਵਿੱਚ ਹੀ ਭਲਾ ਫਰਮਾਉਦੇ ਹਨ ।ਸੂਫੀ ਕਵੀ ਬਾਬਾ ਬੁੱਲ੍ਹੇ ਸ਼ਾਹ ਨੇ ਚੁੱਪ ਅਤੇ ਸਮਾਜਿਕ ਪ੍ਰੰਮਪਰਾ ਸਬੰਧੀ ਰਚੀ ਵਿਲੱਖਣ ਰਚਨਾ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੇ ਸ਼ਮਾਨ ਹੈ।ਜਿਸ ਰਾਹੀ ਮਨੁੱਖੀ ਫਿਤਰਤ ਦਾ ਅਸਲ ਚਿਹਰਾ ਉਜਾਗਰ ਹੋਇਆ .

ਸੱਚ ਸੁਣਦੇ ਲੋਕ ਨਾ ਸਹਿੰਦੇ ਨੀ,ਸੱਚ ਆਖੀਏ ਤਾਂ ਗਲ ਪੈਂਦੇ ਨੀ.<br>
ਫਿਰ ਸੱਚੇ ਪਾਸ ਨਾ ਬਹਿੰਦੇ ਨੀ,ਸੱਚ ਮਿੱਠਾ ਆਸ਼ਕ ਪਿਆਰੇ ਨੂੰ.<br>
ਚੁੱਪ ਕਰਕੇ ਕਰੀਂ ਗੁਜ਼ਾਰੇ ਨੂੰ.

ਚੁੱਪਨਾਲ ਸੁਣਨ ਦਾ ਮੌਕਾ ਮਿਲਦਾ ਹੈ । ਦੂਜਿਆ ਨਾਲ ਗੱਲਬਾਤ ਦੌਰਾਨ ਚੁੱਪਇਕ ਸਤਿਕਾਰਤਚਿੰਨ ਹੈ। ਚਿਹਰੇ ਦੇ ਹਾਵ-ਭਾਵ ਨਾਲ ਲੱਗੀ ਹਾਜਰੀ ਬੁਲਾਰੇ ਦਾ ਹੋਸਲਾ ਬੁਲੰਦ ਕਰਦੀ ਹੈ ।ਇਸ ਦੇ ਉਲਟਜਦੋਂ ਟੋਕਦੇਹਾਜਾਂ ਸੁਣਦੇ ਨਹੀਂਤਾਂ ਇਹ ਦਰਸਾ ਰਹੇ ਹੋ ਕਿ ਦੂਜੇ ਵਿਅਕਤੀ ਦੇ ਵਿਚਾਰ ਮਹੱਤਵਪੂਰਨ ਨਹੀਂ ।ਦਿਮਾਗੀ ਚੁੱਪ ਵੀ ਉਨੀ ਹੀ ਜ਼ਰੂਰੀ ਹੈ ਤਾ ਜੋ ਅੰਦਰੂਨੀ ਆਵਾਜ਼ ਨੂੰ ਸੁਣਨ ਦਾ ਮੌਕਾ ਮਿਲ ਸਕੇ । ਇਹ ਸਾਨੂੰ ਗਲਤ ਵਿਚਾਰਾਂ ਤੋਂ ਬਚਾਉਣ ਅਤੇ ਮਾਨਸਿਕ ਸ਼ੋਰ ਨੂੰ ਖਤਮ ਕਰਨ ਦੇ ਯੋਗ ਬਣਾਉਂਦੀ ਹੈ। ਆਪਣੇ ਮਨ ਨੂੰ ਸ਼ਾਂਤ ਕਰਵਧੇਰੇ ਕੁਸ਼ਲਤਾ ਨਾਲ ਕੰਮ ਕਰ ਸਕਦੇ ਹਾਂ । ਸਾਡੇ ਰੋਜ਼ਾਨਾ ਜੀਵਨ ਵਿਚ ਮਾਨਸਿਕ ਚੁੱਪਦਾ ਟੀਚਾ ਹੋਣਾ ਚਾਹੀਦਾ ਹੈ। ਜੇਕਰ ਮਾਨਸਿਕ ਤੌਰ 'ਤੇ ਸ਼ਾਂਤਹਾਂ ਮੁਸਕਲ ਸਮੱਸਿਆਵਾਂ ਦਾ ਨਿਬੇੜਾ ਕਰ ਸਕਦੇ ਹਾਂ ।ਜ਼ੀਵਨ ਦੀ ਬੇਹਤਰੀ ਲਈ ਜੂਝਣ ਤੋ ਨਹੀ ਡਰਦੇ।ਸਾਨੂੰ ਅਸਮਾਨ ਵਾਂਗਵਡੇਰਾਦੂਜਿਆਂ ਦੇ ਵਿਚਾਰਾਂ ਨੂੰ ਬਰਦਾਸ਼ਤ ਕਰਨਲਈ ਅਤੇ ਸਮੁੰਦਰ ਵਾਂਗ ਡੂੰਘਾ ਹੋਣਾ ਚਾਹੀਦਾ ਹੈ ਜਿੱਥੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਡੁੱਬ ਜਾਵਣ।ਚੁੱਪ ਬਾਰੇਨਕਾਰਾਤਮਕ ਅਕਸ ਬਦਲਣਾ ਚਾਹੀਦਾ ਹੈ। ਚੁੱਪ ਦੇ ਗੁਝੇਭੇਤ ਸਮਝਹੀ ਜ਼ਿੰਦਗੀ ਦੇ ਫਲਸਫੇ ਨੂੰ ਸਿੰਝਣ ਵਿਚ ਮੱਦਦ ਮਿਲਦੀ ਹੈ ।

ਬੇਸੱਕ ਵਿਗਿਆਨ ਅਤੇ ਤਕਨਾਲੋਜੀ ਨੇ ਜੀਵਨ ਨੂੰ ਸੁਖਾਲਾ ਬਣਾ ਦਿੱਤਾ। ਪਰੰਤੂਲੋਕ ਅਨੈਤਿਕ ਉਦੇਸ਼ ਲਈ ਕਾਢਾਂ ਦੀ ਦੁਰਵਰਤੋਂ ਵੱਲ ਤੁਰ ਪਏ । ਜਿਸ ਨੇ ਸ਼ਾਂਤੀ ਅਤੇ ਸਦਭਾਵਨਾ ਨਾਲਰਹਿਣ ਦੇ ਤਰੀਕਿਆਂ ਨੂੰ ਪਾਸੇ ਸੁਟਿਆ ।ਹੋਰ ਅਨੇਕਾ ਵਸਤਾ ਹਨਉਝਮੋਬਇਲ ਦੀ ਕਾਢ ਨੇ ਹੀ ਪੂਰੀ ਦੁਨੀਆ ਦੇ ਸਾਰੇ ਪੱਖਾ ਨੂੰ ਝੰਜੋੜ ਕੇ ਰੱਖ ਦਿੱਤਾ ।ਅਥਾਹ ਸ਼ਕਤੀ ਦੇ ਨਾਲ ਬਹੁਤ ਵੱਡੀ ਜ਼ਿੰਮੇਵਾਰੀ ਆਉਂਦੀ ਹਨ । ਵਿਨਾਸ਼ਕਾਰੀ ਪੱਖ ਨਾਲੋ ਸਿੱਖਿਆ, ਸਿਹਤ ਅਤੇ ਉਤਪਾਦਕ ਸਾਧਨਾਂਦੀ ਮੁੱਢਲੀ ਲੋੜ ਹੈ ।ਜੋ ਸ਼ਾਤ ਮਹੋਲ ਦੀਆ ਬੁਨਿਆਦੀ ਹਨ ।ਇਹ ਰਾਹਕੁਦਰਤ ਨਾਲ ਜੁੜਨ ਦਾ ਸਰਲ ਮਾਰਗ ਹੈ । ਜਿਸ ਦੀਆ ਪਗਡੰਡੀਆ ਚੁਪ ਵਿਚੋ ਹੋ ਗੁਜਰ ਦੀਆ ਹਨ । ਇਸ ਤੋ ਬਿਨਾ ਕੁਦਰਤ ਦੀਆ ਅਸੀਮ ਨਿਆਮਤਾ ਨੂੰ ਮਾਨਣ ਦਾ ਕੋਈ ਹੋਰ ਬਦਲ ਨਹੀ । ਸੋ ਆਉ ਚੁੱਪ ਦੇ ਅਣਮੁੱਲੇ ਖਜਾਨੇ ਦੀ ਦਾਤ ਨਾਲ ਜੀਵਨ ਸ਼ਫਲਬਣਾਈਏ ਤੇ ਚੋਗਿਰਦਾ ਨੂੰ ਸਾਂਤ ਵਾਤਾਵਰਨ ਦੀ ਸੋਹ ਨਾਲ ਰੂਹਾਨੀ ਰੰਗ ਵਿੱਚ ਰੰਗੀਏ ।

# ਜੀਵਨ ਅਜੇ ਵੀ ਛੋਟਾ ਹੈ

-ਵਿਜੈ ਗਰਗ-

(ਜੀਵਨ ਨੂੰ ਬਿਹਤਰ ਬਣਾਉਣ ਲਈ ਕਲਿਆਣਕਾਰੀ ਉਪਾਅ ਉਮੀਦ)

2015 ਅਤੇ 2019 ਦੇ ਵਿਚਕਾਰ ਭਾਰਤ ਦੀ ਜਨਮ ਸਮੇਂ ਜੀਵਨ ਸੰਭਾਵਨਾ 69.7 ਸਾਲ ਤੱਕ ਵਧ ਗਈ ਹੈ, ਪਰ ਇਹ ਅਜੇ ਵੀ 72.6 ਸਾਲਾਂ ਦੀ ਅਨੁਮਾਨਿਤ ਵਿਸ਼ਵ ਔਸਤ ਤੋਂ ਬਹੁਤ ਘੱਟ ਹੈ। ਭਾਰਤ ਨੂੰ ਉਮਰ ਦੀ ਸੰਭਾਵਨਾ ਵਿੱਚ ਦੋ ਸਾਲ ਜੋੜਨ ਵਿੱਚ ਲਗਭਗ ਇੱਕ ਦਹਾਕਾ ਲੱਗ ਗਿਆ ਹੈ। ਜਦੋਂ ਲੰਬੇ ਸਮੇਂ ਦੀ ਮਿਆਦ ਵਿੱਚ ਦੇਖਿਆ ਜਾਂਦਾ ਹੈ, ਤਾਂ ਆਜ਼ਾਦੀ ਦੇ ਸਮੇਂ ਦੇ ਆਲੇ-ਦੁਆਲੇ ਦੇ 32 ਸਾਲਾਂ ਤੋਂ ਮੌਜੂਦਾ ਅੰਕੜੇ ਤੱਕ, ਭਾਰਤ ਦੀ ਜੀਵਨ ਸੰਭਾਵਨਾ ਛਲਾਂਗ ਅਤੇ ਸੀਮਾਵਾਂ ਵਿੱਚ ਸੁਧਾਰੀ ਗਈ ਹੈ। ਪਰ ਇੱਕ 75 ਸਾਲ ਦੀ ਉਮਰ ਦੇ ਦੇਸ਼ ਲਈ 70 ਸਾਲ ਦੀ ਉਮਰ ਦੀ ਸੰਭਾਵਨਾ ਮਾਮੂਲੀ ਦਿਖਾਈ ਦਿੰਦੀ ਹੈ ਜਦੋਂ 72.6 ਸਾਲ ਦੀ ਵਿਸ਼ਵ ਔਸਤ ਦੇ ਮੁਕਾਬਲੇ ਸੈੱਟ ਕੀਤੀ ਜਾਂਦੀ ਹੈ, ਜਾਂ ਜਦੋਂ ਗੁਆਂਢੀ ਬੰਗਲਾਦੇਸ਼ ਨਾਲ 72.1 ਸਾਲ ਦੀ ਤੁਲਨਾ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਭਾਰਤ ਦੇ ਅੰਦਰ, ਰਾਜਾਂ ਦੇ ਨਾਲ-ਨਾਲ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਵੀ ਵੱਡੀਆਂ ਤਬਦੀਲੀਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ ਸ਼ਹਿਰੀ ਔਰਤਾਂ ਦੀ ਜਨਮ ਸਮੇਂ ਸਭ ਤੋਂ ਵੱਧ ਉਮਰ 82.3 ਸਾਲ ਸੀ, ਜਦੋਂ ਕਿ ਛੱਤੀਸਗੜ੍ਹ ਵਿੱਚ ਪੇਂਡੂ ਮਰਦਾਂ ਦੀ ਸਭ ਤੋਂ ਘੱਟ ਉਮਰ 62.8 ਸਾਲ ਸੀ। ਅਸਾਮ ਵਿੱਚ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਜੀਵਨ ਦੀ ਸੰਭਾਵਨਾ ਵਿੱਚ ਅੰਤਰ ਲਗਭਗ ਅੱਠ ਸਾਲ ਹੈ। ਅੰਕੜੇ ਦਰਸਾਉਂਦੇ ਹਨ ਕਿ ਉੱਚ ਬਾਲ ਮੌਤ ਦਰ ਇਸ ਕਾਰਨ ਹੋ ਸਕਦੀ ਹੈ ਕਿ ਭਾਰਤ ਨੂੰ ਜਨਮ ਸਮੇਂ ਜੀਵਨ ਦੀ ਸੰਭਾਵਨਾ ਨੂੰ ਤੇਜ਼ੀ ਨਾਲ ਵਧਾਉਣਾ ਮੁਸ਼ਕਲ ਲੱਗਦਾ ਹੈ। ਦਵਾਈ, ਹੁਨਰਮੰਦ ਸਿਹਤ ਸੰਭਾਲ ਪ੍ਰਦਾਤਾ, ਸਾਫ਼ ਪਾਣੀ ਅਤੇ ਪੌਸ਼ਟਿਕ ਭੋਜਨ ਤੱਕ ਅਢੁੱਕਵੀਂ ਪਹੁੰਚ ਆਮ ਤੌਰ 'ਤੇ ਜੀਵਨ ਦੀ ਸੰਭਾਵਨਾ ਨੂੰ ਪ੍ਰਭਾਵਤ ਕਰਦੀ ਹੈ, ਪਰ ਇਕੱਠੇ ਕੀਤੇ ਜਾਣ ਨਾਲ ਇਹ ਨਾਟਕੀ ਰੂਪ ਨਾਲ ਨੂੰ ਪ੍ਰਭਾਵਤ ਕਰ ਸਕਦੇ ਹਨ। ਬਾਅਦ ਵਾਲਾ ਭਾਰਤ ਦੇ ਕੁਪੋਸ਼ਿਤ ਬੱਚਿਆਂ ਦੇ ਵੱਡੇ ਪੂਲ ਦੇ ਸਿੱਧੇ ਅਨੁਪਾਤਕ ਹੈ, ਜੋ ਦਸਤ, ਨਮੂਨੀਆ, ਅਤੇ ਮਲੇਰੀਆ ਵਰਗੀਆਂ ਆਮ ਬਚਪਨ ਦੀਆਂ ਬਿਮਾਰੀਆਂ ਤੋਂ ਮੌਤ ਦੇ ਵੱਧ ਜੋਖਮ ਵਿੱਚ ਹਨ। ਕੁਪੋਸ਼ਣ ਦਾ ਇਹ ਬੋਝ, ਬਦਲੇ ਵਿੱਚ, ਮਾਵਾਂ ਦੇ ਪੋਸ਼ਣ ਅਤੇ ਸਮਾਜ ਵਿੱਚ ਔਰਤਾਂ ਦੀ ਸਥਿਤੀ ਨਾਲ ਗੁੰਝਲਦਾਰ ਤੌਰ 'ਤੇ ਜੁੜਿਆ ਹੋਇਆ ਹੈ। ਤਾਜ਼ਾ ਨੈਸ਼ਨਲ ਫੈਮਿਲੀ ਹੈਲਥ ਸਰਵੇ ਦਰਸਾਉਂਦਾ ਹੈ ਕਿ ਦੇਸ਼ ਵਿੱਚ 15 ਤੋਂ 49 ਸਾਲ ਦੀ ਉਮਰ ਦੀਆਂ 52 ਪ੍ਰਤੀਸ਼ਤ ਗਰਭਵਤੀ ਔਰਤਾਂ ਖੂਨ ਦੀ ਕਮੀ ਨਾਲ ਪੀੜਤ ਹਨ - ਉਹਨਾਂ ਦੇ ਘੱਟ ਵਜ਼ਨ ਵਾਲੇ ਬੱਚਿਆਂ ਨੂੰ ਜਨਮ ਦੇਣ ਦੀ ਸੰਭਾਵਨਾ ਹੈ ਜੋ ਫਿਰ ਕੁਪੋਸ਼ਣ ਦਾ ਸ਼ਿਕਾਰ ਹੋ ਜਾਣਗੇ।

ਪਰ ਸਿਹਤ ਚੁਣੌਤੀਆਂ ਨਾਲੋਂ ਜੀਵਨ ਦੀ ਸੰਭਾਵਨਾ ਹੋਰ ਵੀ ਬਹੁਤ ਕੁਝ ਹੈ। ਉਦਾਹਰਣ ਵਜੋਂ, ਖੋਜ ਇਹ ਵੀ ਦੱਸਦੀ ਹੈ ਕਿ ਦਲਿਤਾਂ, ਮੁਸਲਮਾਨਾਂ ਅਤੇ ਆਦਿਵਾਸੀਆਂ ਦੀ ਉਮਰ ਉੱਚ ਜਾਤੀ ਦੇ ਹਿੰਦੂਆਂ ਨਾਲੋਂ ਔਸਤਨ ਘੱਟ ਹੈ। ਇਹ ਏਮਬੇਡ ਕੀਤੇ ਪੂਰਵ-ਅਨੁਮਾਨਾਂ ਨੂੰ ਦਰਸਾਉਂਦਾ ਹੈ ਜੋ ਜੀਵਨ ਦੀ ਸੰਭਾਵਨਾ ਨੂੰ ਸੁਧਾਰਨ ਲਈ ਕਲਿਆਣਕਾਰੀ ਉਪਾਵਾਂ ਵਿੱਚ ਰੁਕਾਵਟ ਬਣਦੇ ਹਨ। ਵਿਗੜਦਾ ਵਾਤਾਵਰਣ ਇੱਕ ਵਾਧੂ ਚੁਣੌਤੀ ਹੈ: ਹਵਾ ਪ੍ਰਦੂਸ਼ਣ ਲਗਭਗ 40 ਪ੍ਰਤੀਸ਼ਤ ਭਾਰਤੀਆਂ ਦੀ ਉਮਰ ਨੂੰ ਨੌਂ ਸਾਲਾਂ ਤੋਂ ਵੱਧ ਘਟਾ ਸਕਦਾ ਹੈ। ਇਸ ਤੋਂ ਇਲਾਵਾ, ਜਲਵਾਯੂ ਪਰਿਵਰਤਨ ਦੀ ਚੁਣੌਤੀ ਹੈ ਜਿਸ ਨਾਲ ਨਵੀਂ ਛੂਤ ਦੇ ਜੋਖਮ ਨੂੰ ਵਧਾਉਣ ਦੇ ਨਾਲ-ਨਾਲ ਖੁਰਾਕ ਸੁਰੱਖਿਆ ਨੂੰ ਵਿਗੜਨ ਦੀ ਉਮੀਦ ਹੈ। ਨਵੀਨਤਾਕਾਰੀ ਅਤੇ ਸੰਪੂਰਨ ਸੋਚ ਨੂੰ ਭਵਿੱਖ ਦੀਆਂ ਚੁਣੌਤੀਆਂ ਦੀ ਪ੍ਰਕਿਰਤੀ ਦੇ ਮੱਦੇਨਜ਼ਰ ਜਨਮ ਸਮੇਂ ਲੰਬੀ ਉਮਰ ਵਿੱਚ ਹੋਰ ਸੁਧਾਰ ਕਰਨ ਲਈ ਭਾਰਤ ਲਈ ਜੋਖਮ ਵਾਲੀ ਆਬਾਦੀ ਲਈ ਪ੍ਰਭਾਵਸ਼ਾਲੀ ਸਮਾਜਿਕ ਸੁਰੱਖਿਆ ਨੀਤੀਆਂ ਤਿਆਰ ਕਰਨ ਦੀ ਜ਼ਰੂਰਤ ਹੈ।




# ਔਰਤਾਂ ਨੂੰ ਲੰਬੇ ਸਮੇਂ ਤੋਂ ਕੋਵਿਡ ਨਾਲ ਪੀੜਤ ਹੋਣ ਦੀ ਜ਼ਿਆਦਾ ਸੰਭਾਵਨਾ

-ਵਿਜੈ ਗਰਗ-

ਮਹਾਂਮਾਰੀ ਦੇ ਸ਼ੁਰੂ ਵਿੱਚ ਪੈਦਾ ਹੋਏ ਵਧੇਰੇ ਦਿਲਚਸਪ ਨਿਰੀਖਣਾਂ ਵਿੱਚੋਂ ਇੱਕ ਸੀ ਔਰਤਾਂ ਨਾਲੋਂ ਮਰਦਾਂ ਵਿੱਚ ਕੋਵਿਡ-19 ਦੇ ਵਧੇਰੇ ਗੰਭੀਰ ਮਾਮਲਿਆਂ ਦਾ ਸ਼ਿਕਾਰ ਹੋਣ ਦਾ ਰੁਝਾਨ। ਸਮੇਂ ਦੇ ਬੀਤਣ ਨਾਲ ਬਾਅਦ ਦੇ ਕਈ ਅਧਿਐਨਾਂ ਨੇ ਸ਼ੁਰੂਆਤੀ ਨਿਰੀਖਣਾਂ ਦੀ ਪੁਸ਼ਟੀ ਕੀਤੀ। ਨਾ ਸਿਰਫ਼ ਮਰਦਾਂ ਦੇ ਕੋਵਿਡ-19 ਲਈ ਸਕਾਰਾਤਮਕ ਟੈਸਟ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਸੀ, ਸਗੋਂ ਔਰਤਾਂ ਦੇ ਮੁਕਾਬਲੇ ਉਨ੍ਹਾਂ ਨੂੰ ਇੰਟੈਂਸਿਵ ਕੇਅਰ ਵਿੱਚ ਦਾਖਲ ਕੀਤੇ ਜਾਣ ਅਤੇ ਅੰਤ ਵਿੱਚ ਮਰਨ ਦੀ ਜ਼ਿਆਦਾ ਸੰਭਾਵਨਾ ਸੀ।

ਕੁਝ ਅਧਿਐਨਾਂ ਦੀ ਕਲਪਨਾ ਕੀਤੀ ਗਈ ਮਨੋ-ਸਮਾਜਿਕ ਅਤੇ ਵਿਵਹਾਰਕ ਕਾਰਕ ਜ਼ਿਆਦਾਤਰ ਕੋਵਿਡ -19 ਪ੍ਰਭਾਵ ਵਿੱਚ ਇਸ ਲਿੰਗ-ਅਧਾਰਤ ਅਸਮਾਨਤਾ ਦੀ ਵਿਆਖਿਆ ਕਰ ਸਕਦੇ ਹਨ। ਹਾਲਾਂਕਿ, ਦੂਜੇ ਖੋਜਕਰਤਾਵਾਂ ਨੇ ਕੁਝ ਬੁਨਿਆਦੀ ਜੀਵ-ਵਿਗਿਆਨਕ ਅੰਤਰਾਂ ਵੱਲ ਇਸ਼ਾਰਾ ਕੀਤਾ ਜੋ ਸੰਭਾਵੀ ਤੌਰ 'ਤੇ ਮਰਦਾਂ ਵਿੱਚ ਗੰਭੀਰ ਬਿਮਾਰੀ ਦੀ ਵੱਧਦੀ ਗੰਭੀਰਤਾ ਲਈ ਜ਼ਿੰਮੇਵਾਰ ਹੋ ਸਕਦੇ ਹਨ।

ਇਹ ਨਵੀਂ ਖੋਜ ਦਿਲਚਸਪ ਤੌਰ 'ਤੇ ਉਨ੍ਹਾਂ ਪੁਰਾਣੇ ਨਤੀਜਿਆਂ 'ਤੇ ਸਾਰਣੀ ਨੂੰ ਪਲਟਦੀ ਹੈ। ਜਦੋਂ ਕਿ ਮਰਦਾਂ ਨੂੰ ਗੰਭੀਰ ਗੰਭੀਰ ਬਿਮਾਰੀ ਦਾ ਅਨੁਭਵ ਹੋਣ ਦੀ ਜ਼ਿਆਦਾ ਸੰਭਾਵਨਾ ਹੋ ਸਕਦੀ ਹੈ, ਅਜਿਹਾ ਲਗਦਾ ਹੈ ਕਿ ਔਰਤਾਂ ਨੂੰ ਲੰਬੇ ਸਮੇਂ ਦੇ ਕੋਵਿਡ -19 ਲੱਛਣਾਂ ਤੋਂ ਪੀੜਤ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

10 ਲੱਖ ਤੋਂ ਵੱਧ ਮਰੀਜ਼ਾਂ ਨੂੰ ਸ਼ਾਮਲ ਕਰਨ ਵਾਲੇ ਕਈ ਹਜ਼ਾਰ ਪ੍ਰਕਾਸ਼ਿਤ ਅਧਿਐਨਾਂ ਨੂੰ ਟਰੈਕ ਕਰਦੇ ਹੋਏ, ਨਵੀਂ ਖੋਜ ਨੇ ਪਾਇਆ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਲੰਬੇ ਸਮੇਂ ਤੋਂ ਕੋਵਿਡ ਤੋਂ ਪੀੜਤ ਹੋਣ ਦੀ ਸੰਭਾਵਨਾ 22 ਪ੍ਰਤੀਸ਼ਤ ਵੱਧ ਸੀ।



ਇਸਦੇ ਨਾਲ, ਖੋਜ ਵਿੱਚ ਪਾਇਆ ਗਿਆ ਕਿ ਲੰਬੇ ਕੋਵਿਡ ਦੇ ਲੱਛਣ ਪੁਰਸ਼ਾਂ ਅਤੇ ਔਰਤਾਂ ਵਿੱਚ ਥੋੜ੍ਹਾ ਵੱਖਰੇ ਹਨ।

"ਲੰਬੇ ਕੋਵਿਡ ਸਿੰਡਰੋਮ ਦਾ ਅਨੁਭਵ ਕਰਨ ਵਾਲੇ ਮਰੀਜ਼ਾਂ ਵਿੱਚ, (ਕੰਨ, ਨੱਕ ਅਤੇ ਗਲਾ), ਜੀਆਈ (ਗੈਸਟ੍ਰੋਇੰਟੇਸਟਾਈਨਲ), ਮਨੋਵਿ-ਗਆਨਕ/ਮੂਡ, ਚਮੜੀ ਸੰਬੰਧੀ, ਤੰਤੂ ਵਿਗਿਆਨਕ, ਅਤੇ ਹੋਰ ਪੇਚੀਦਗੀਆਂ (ਮੁੱਖ ਤੌਰ 'ਤੇ ਗਠੀਏ ਸੰਬੰਧੀ ਪੇਚੀਦਗੀਆਂ ਅਤੇ ਥਕਾਵਟ) ਔਰਤਾਂ ਦੇ ਮਰੀਜ਼ਾਂ ਵਿੱਚ ਐਂਡੋਕਰੀਨ ਹੋਣ ਦੀ ਸੰਭਾਵਨਾ ਜ਼ਿਆਦਾ ਸੀ। ਅਤੇ ਗੁਰਦੇ ਦੀਆਂ ਪੇਚੀਦਗੀਆਂ ਪੁਰਸ਼ ਮਰੀਜ਼ਾਂ ਵਿੱਚ ਕਾਫ਼ੀ ਜ਼ਿਆਦਾ ਸੰਭਾਵਨਾਵਾਂ ਸਨ, "ਖੋਜਕਰਤਾਵਾਂ ਨੇ ਨਵੇਂ ਅਧਿਐਨ ਵਿੱਚ ਨੋਟ ਕੀਤਾ।

ਜਿਵੇਂ ਕਿ ਕੋਵਿਡ -19 ਵਿੱਚ ਲਿੰਗ-ਅਧਾਰਤ ਅੰਤਰਾਂ ਦੀ ਜਾਂਚ ਕਰਨ ਵਾਲੇ ਪੁਰਾਣੇ ਅਧਿਐਨਾਂ ਦੇ ਨਾਲ, ਇਹ ਅਸਪਸ਼ਟ ਹੈ ਕਿ ਕੀ ਇਹ ਨਿਰੀਖਣ ਜੈਵਿਕ ਜਾਂ ਸਮਾਜਿਕ ਕਾਰਕਾਂ ਦੁਆਰਾ ਅਧਾਰਤ ਹਨ। ਅਧਿਐਨ ਨੋਟ ਕਰਦਾ ਹੈ ਕਿ ਇਸ ਅਸਮਾਨਤਾ ਵਿੱਚ ਕਈ ਸਮਾਜਿਕ ਅਤੇ ਸੱਭਿਆਚਾਰਕ ਕਾਰਕ ਭੂਮਿਕਾ ਨਿਭਾ ਸਕਦੇ ਹਨ।

ਖੋਜਕਰਤਾਵਾਂ ਦਾ ਅਨੁਮਾਨ ਹੈ ਕਿ ਉਹ ਕਿੱਤੇ ਜਿੱਥੇ ਔਰਤਾਂ ਵਧੇਰੇ ਪ੍ਰਮੁੱਖ ਹੁੰਦੀਆਂ ਹਨ, ਜਿਵੇਂ ਕਿ ਨਰਸਿੰਗ ਜਾਂ ਅਧਿਆਪਨ, ਉਹਨਾਂ ਨੂੰ ਵਾਇਰਸ ਦੇ ਅਜਿਹੇ ਤਰੀਕਿਆਂ ਨਾਲ ਪ੍ਰਗਟ ਕਰ ਸਕਦੇ ਹਨ ਜਿਸ ਨਾਲ ਲੰਬੇ ਸਮੇਂ ਤੱਕ ਕੋਵਿਡ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ, ਖੋਜਕਰਤਾ ਅਨੁਮਾਨ ਲਗਾਉਂਦੇ ਹਨ। ਜਾਂ ਗੰਭੀਰ ਸਿਹਤ ਦੇਖ-ਰੇਖ ਤੱਕ ਪਹੁੰਚ ਵਿੱਚ ਲਿੰਗ-ਅਧਾਰਤ ਅਸਮਾਨਤਾਵਾਂ ਹੋ ਸਕਦੀਆਂ ਹਨ, ਜਿਸ ਨਾਲ --2 ਲਾਗਾਂ ਦੇ ਵਧੇਰੇ ਲੰਬੇ ਸਮੇਂ ਦੇ ਨਤੀਜੇ ਨਿਕਲ ਸਕਦੇ ਹਨ।

ਮਰਦਾਂ ਅਤੇ ਔਰਤਾਂ ਵਿਚਕਾਰ ਜੀਵ-ਵਿਗਿਆਨਕ ਅੰਤਰ ਵੀ ਲੰਬੇ ਕੋਵਿਡ ਲਿੰਗ ਅਸਮਾਨਤਾ ਵਿੱਚ ਇੱਕ ਭੂਮਿਕਾ ਨਿਭਾ ਰਹੇ ਹਨ। ਖੋਜਕਰਤਾਵਾਂ ਨੇ ਉਸੇ ਪ੍ਰਤੀਰੋਧਕ ਪ੍ਰਤੀਕ੍ਰਿਆ ਦੀ ਕਲਪਨਾ ਕੀਤੀ ਹੈ ਜੋ ਔਰਤਾਂ ਨੂੰ ਗੰਭੀਰ ਬਿਮਾਰੀ ਤੋਂ ਬਚਾਉਂਦੀ ਹੈ ਉਹ ਹੋ ਸਕਦਾ ਹੈ ਜੋ ਲੰਬੇ ਕੋਵਿਡ ਦੀ ਪ੍ਰਮੁੱਖਤਾ ਨੂੰ ਵਧਾ ਰਿਹਾ ਹੈ।

"ਔਰਤਾਂ ਅਤੇ ਮਰਦਾਂ ਵਿੱਚ ਇਮਿਊਨ ਸਿਸਟਮ ਫੰਕਸ਼ਨ ਵਿੱਚ ਅੰਤਰ ਲੌਂਗ ਕੋਵਿਡ ਸਿੰਡਰੋਮ ਵਿੱਚ ਲਿੰਗ ਅੰਤਰਾਂ ਦਾ ਇੱਕ ਮਹੱਤਵਪੂਰਨ ਚਾਲਕ ਹੋ ਸਕਦਾ ਹੈ," ਅਧਿਐਨ ਨੇ ਦੱਸਿਆ। "ਔਰਤਾਂ ਵਧੇਰੇ ਤੇਜ਼ ਅਤੇ ਮਜ਼ਬੂਤ ਜਗਤ ਅਤੇ ਅਨੁਕੂਲ ਪ੍ਰਤੀਰੋਧਕ ਪ੍ਰਤੀਕ੍ਰਿਆਵਾਂ ਨੂੰ ਵਧਾਉਂਦੀਆਂ ਹਨ, ਜੋ ਉਹਨਾਂ ਨੂੰ ਸ਼ੁਰੂਆਤੀ ਲਾਗ ਅਤੇ ਗੰਭੀਰਤਾ ਤੋਂ ਬਚਾ ਸਕਦੀਆਂ ਹਨ। ਹਾਲਾਂਕਿ, ਇਹੀ ਅੰਤਰ ਔਰਤਾਂ ਨੂੰ ਲੰਬੇ ਸਮੇਂ ਤੱਕ ਆਟੋਇਮਿਊਨ-ਸਬੰਧਤ ਬਿਮਾਰੀਆਂ ਲਈ ਵਧੇਰੇ ਕਮਜ਼ੋਰ ਬਣਾ ਸਕਦਾ ਹੈ।"

ਸ਼ਾਇਦ ਇਸ ਨਵੇਂ ਅਧਿਐਨ ਵਿੱਚ ਸਭ ਤੋਂ ਵੱਡਾ ਮੁੱਦਾ ਉਜਾਗਰ ਕੀਤਾ ਗਿਆ ਹੈ ਮੌਜੂਦਾ ਕੋਵਿਡ-19 ਖੋਜ ਵਿੱਚ ਲਿੰਗ-ਅਨੁਸਾਰ ਡੇਟਾ ਦੀ ਘਾਟ। ਨਵੇਂ ਅਧਿਐਨ ਵਿੱਚ ਸਮੀਖਿਆ ਕੀਤੇ ਗਏ ਪ੍ਰਕਾਸ਼ਿਤ ਕੰਮ ਦੀ ਵੱਡੀ ਬਹੁਗਿਣਤੀ ਨੇ ਇਸਦੇ ਸਮੂਹਾਂ 'ਤੇ ਲਿੰਗ-ਅਧਾਰਿਤ ਡੇਟਾ ਦੀ ਪੇਸ਼ਕਸ਼ ਨਹੀਂ ਕੀਤੀ।

ਖੋਜਕਰਤਾਵਾਂ ਨੇ ਸੰਕੇਤ ਦਿੱਤਾ ਹੈ ਕਿ ਕੋਵਿਡ -19 ਖੋਜ ਵਿੱਚ ਲਿੰਗ-ਵਿਸ਼ੇਸ਼ ਡੇਟਾ ਦੀ ਘਾਟ ਸੰਭਾਵਤ ਤੌਰ 'ਤੇ ਬਿਮਾਰੀ ਨੂੰ ਸਮਝਣ ਅਤੇ ਵਧੇਰੇ ਪ੍ਰਭਾਵਸ਼ਾਲੀ ਇਲਾਜ ਵਿਕਸਤ ਕਰਨ ਦੀ ਸਾਡੀ ਯੋਗਤਾ ਵਿੱਚ ਰੁਕਾਵਟ ਪਾ ਰਹੀ ਹੈ। ਅਧਿਐਨ ਭਵਿੱਖ ਵਿੱਚ ਪ੍ਰਕਾਸ਼ਿਤ ਖੋਜ ਵਿੱਚ ਲਿੰਗ-ਵਿਸ਼ੇਸ਼ ਡੇਟਾ 'ਤੇ ਵਧੇਰੇ ਧਿਆਨ ਦੇਣ ਦੀ ਮੰਗ ਦੇ ਨਾਲ ਸਮਾਪਤ ਹੋਇਆ।

ਖੋਜਕਰਤਾਵਾਂ ਨੇ ਸਿੱਟਾ ਕੱਢਿਆ, " ਕੋਵਿਡ-19 ਲਈ ਲਿੰਗ-ਅਨੁਸਾਰ ਨਤੀਜਿਆਂ ਦੀ ਰਿਪੋਰਟ ਕਰਨ ਵਾਲੇ ਅਧਿਐਨਾਂ ਦੀ ਘਾਟ ਹੋਰ, ਵੱਡੇ ਪੈਮਾਨੇ ਦੀ ਖੋਜ ਦੀ ਜ਼ਰੂਰਤ ਨੂੰ ਦਰਸਾਉਂਦੀ ਹੈ ਜਿਸ ਵਿੱਚ ਸੈਕਸ ਨੂੰ ਇੱਕ ਵਿਸ਼ਲੇਸ਼ਣਾਤਮਕ ਵੇਰੀਏਬਲ ਵਜੋਂ ਸ਼ਾਮਲ ਕੀਤਾ ਜਾਂਦਾ ਹੈ ਅਤੇ ਜੋ ਲਿੰਗ ਦੁਆਰਾ ਡੇਟਾ ਦੀ ਰਿਪੋਰਟ ਕਰਦਾ ਹੈ," ਖੋਜਕਰਤਾਵਾਂ ਨੇ ਸਿੱਟਾ ਕੱਢਿਆ। "ਲਿੰਗ ਦੁਆਰਾ ਕੋਵਿਡ-19 ਦੇ ਪਹਿਲੂਆਂ ਦਾ ਸੰਭਾਵੀ ਤੌਰ 'ਤੇ ਮੁਲਾਂਕਣ ਕਰਨ ਦੇ ਮੁੱਖ ਉਦੇਸ਼ ਨਾਲ, ਲਿੰਗ-ਵਿਸ਼ੇਸ਼ ਵਿਧੀਆਂ ਦੀ ਵਰਤੋਂ ਕਰਦੇ ਹੋਏ ਬੁਨਿਆਦੀ ਖੋਜ ਅਤੇ ਕਲੀਨਿਕਲ ਅਜ਼ਮਾਇਸ਼ ਪ੍ਰੋਟੋਕੋਲ ਤਿਆਰ ਕਰਨਾ, ਮਹੱਤਵਪੂਰਣ ਜਾਣਕਾਰੀ ਦੇ ਪਾੜੇ ਨੂੰ ਭਰ ਦੇਵੇਗਾ। ਜੀਵ-ਵਿਗਿਆਨਕ ਸੈਕਸ ਕੋਵਿਡ-19 ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ, ਇਸ ਬਾਰੇ ਪੂਰੀ ਤਰ੍ਹਾਂ ਸਮਝ ਇਸ ਬਿਮਾਰੀ ਲਈ ਕਲੀਨਿਕਲ ਪ੍ਰਬੰਧਨ ਅਤੇ ਘਟਾਉਣ ਦੀਆਂ ਰਣਨੀਤੀਆਂ ਲਈ ਮਹੱਤਵਪੂਰਨ ਪ੍ਰਭਾਵ ਪਾਵੇਗੀ।

# ਐਸਾ ਪੰਜਾਬ ਬਣਾਵਾਂਗਾ ਅੰਗਰੇਜ਼ ਵੀ ਇਥੇ ਨੌਕਰੀ ਕਰਨ ਆਉਣਗੇ-ਭਗਵੰਤ ਮਾਨ

ਦਲੀਪ ਸਿੰਘ ਵਾਸਨ, ਐਡਵੋਕੇਟ

ਅੱਜ ਤੱਕ ਹੋਏ ਰਾਜਸੀ ਲੋਕਾਂ ਨੇ ਕਦੀ ਪੰਜਾਬੀ ਸੂਬਾ ਅਤੇ ਕਦੀ ਇਹ ਖਾਲਿਸਤਾਨੀ ਲਹਿਰਾਂ ਚਲਾਕੇ ਪੰਜਾਬ ਦਾ ਜਿਹੜਾ ਕੁਝ ਵਿਗਾਣਨਾ ਸੀ ਵਿਗਾੜ ਬੈਠੇ ਹਨ ਅਤੇ ਅੱਜ ਅਗਰ ਕੋਈ ਇਹ ਆਖੇ ਕਿ ਫਿਰ ਉਹੀ ਆਜ਼ਾਦੀ ਤੋਂ ਬਾਅਦ ਬਣਿਆ ਪੰਜਾਬ ਆ ਜਾਵੇਗਾ, ਐਸਾ ਕੁਝ ਵੀ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਹਿੰਮਾਚਲ ਪ੍ਰਦੇਸ਼ ਅਤੇ ਹਰਿਆਣਾ ਬਾਹਰ ਹੋ ਗਏ ਹਨ ਅਤੇ ਟਕਨੀਕਲ ਮੁਦਿਆਂ ਨੂੰ ਸਾਹਮਣੇ ਰਖਕੇ ਇਹ ਸਾਡੀ ਰਾਜਧਾਨੀ ਚੰਡੀਗੜ੍ਹ ਵੀ ਚਲੀ ਗਈ ਹੈ। ਅਜ ਭਾਖੜਾ ਵੀ ਸਾਡੇ ਪਾਸ ਨਹੀਂ ਹੈ ਅਤੇ ਉਥੋਂ ਪਾਣੀ ਅਤੇ ਬਿਜਲੀ ਵੀ ਅਸੀਂ ਖਰੀਦਕੇ ਵਰਤਦੇ ਹਾਂ। ਸਾਥੋਂ ਪਹਹਾੜ ਜੰਗਲ ਅਤੇ ਖਣਿਜ ਪਦਾਰਥ ਵੀ ਖੋਹ ਲਿਤੇ ਗਏ ਹਨ।

ਅਸਾਂ ਇਹ ਵੀ ਦੇਖ ਲਿਆ ਹੈ ਕਿ ਪੰਜਾਬ ਵਿਚੋਂ ਵਡੀਆਂ ਉਦਯੋਗਿਕ ਇਕਾਈਆਂ ਵੀ ਖਾਲਿਸਤਾਨ ਅਤੇ ਅਤਵਾਦ ਦਾ ਡਰ ਪਾਕੇ ਉਠਾ ਦਿਤੀਆਂ ਗਈਆਂ ਹਨ ਅਤੇ ਇਹ ਜਿਹੜਾ ਵੀ ਪੰਜਾਬ ਅਜ ਬਾਕੀ ਹੈ ਇਹ ਇਕ ਪਿੰਡ ਜਿਹਾ ਹੈ ਜਿਥੇ ਹਰ ਸ਼ੈਅ ਹੋਰ ਸੂਬਿਆਂ ਵਿਚੋਂ ਮੰਗਾਕੇ ਵਤੀ ਜਾ ਰਹੀ ਹੈ। ਅਤੇ ਪੰਜਾਬ ਦਾ ਪੈਦਾ ਕੀਤਾ ਇਹ ਅਨਾਜ ਵੀ ਮਿਟੀ ਦੀ ਤਰ੍ਹਾਂ ਘਟ ਕੀਮਤਾ ਉਤੇ ਖਰੀਦਕੇ ਉਠਾ ਲਿਤਾ ਜਾ ਰਿਹਾ ਹੈ ਅਤੇ ਪੰਜਾਬ ਦਾ ਕਿਸਾਨ ਇਤਨਾ ਗਰੀਬ ਕਰਕੇ ਰਖਦਿਤਾ ਗਿਆ ਹੈ ਕਿ ਉਹ ਖੇਤੀ ਬਾੜੀ ਲਈ ਹੀ ਜਿਹੜੇ ਕਰਜ਼ੇ ਲੈਂਦਾ ਹੈ ਉਹ ਵਾਪਸ ਨਹੀਂ ਕਰ ਸਕਦਾ ਅਤੇ ਸ਼ਰਮ ਦਾ ਮਾਰਿਆ ਆਤਮਘਾਤ ਕਰ ਜਾਂਦਾ ਹੈ। ਅਸਾਂ ਇਹ ਵੀਦੇਖ ਲਿਆ ਹੈ ਕਿ ਪੰਜਾਬ ਵਿੱਚ ਅਜ ਰੁਜ਼ਗਾਰ ਨਹੀਂ ਹੈ ਅਤੇ ਪੰਜਾਬ ਦੇ ਬਹੁਤੇ ਨੌਜਵਾਨ ਅਜ ਬਾਹਰਲੇ ਦੇਸ਼ਾਂ ਵਲ ਭਜ ਰਹੇ ਹਨ।

ਇਹ ਵਾਲਾ ਪ੍ਰਧਾਨ ਮੰਤਰੀ ਵੀ ਸਿਖ ਭਾਈਚਾਰੇ ਦੀਆਂ ਸਿਫਤਾਂ ਕਰ ਰਿਹਾ ਹੈ ਅਤੇ ਭਾਜਪਾ ਵਾਲੇ ਵੀ ਚੋਣਾਂ ਤੋਂ ਪਹਿਲਾਂ ਇਹ ਆਖ ਰਹੇ ਸਨ ਕਿ ਉਹ ਨਵੇਂ ਪੰਜਾਬ ਦੀ ਸਿਰ-ਜਨਾ ਕਰਨਗੇ। ਇਹ ਆਪ ਵਾਲੇ ਵੀ ਕੁਝ ਰਿਆਇਤਾਂ ਦੇਣ ਦਾ ਵਚਨ ਕਰਕੇ ਹੀ ਆ ਗਏ ਹਨ ਅਤੇ ਕੀ ਕੀ ਰਿਆਇਤਾ ਦੇਣਗੇ, ਕਿਵੇਂ ਦੇਣਗੇ ਅਤੇ ਪੈਸਾ ਕਿਥੋਂ ਆਵੇਗਾ, ਇਹ ਗਲਾਂ ਹਾਲਾਂ ਸਾਡੇ ਸਾਹਮਣੇ ਨਹੀਂ ਆਈਆਂ ਹਨ।

ਅਸਾਂ ਦੇਖ ਹੀ ਲਿਆ ਹੈ ਕਿ ਇਹ ਜਿਹੜਾ ਵੀ ਪੰਜਾਬ ਹੁਣ ਰਹਿ ਗਿਆ ਹੈ ਇਹ ਇਕ ਪਿੰਡ ਸਮਾਨ ਹੈ ਅਤੇ ਲੋਕਾਂ ਪਾਸ ਇਕ ਹੀ ਕਿਤਾ ਰਹਿ ਗਿਆਹੈ ਖੇਤੀਬਾੜੀ ਅਤੇ ਸਾਡੇ ਦੇਖਦਿਆਂਦੇਖਦਿਆਂ ਬਾਕੀ ਦੇ ਉਦਯੋ ਪੰਜਾਬ ਵਿੱਚੋਂ ਚਲੇ ਗਏ ਹਨ। ਇਸ ਲਈ ਹੁਣ ਅਤੇ ਅਗੋਂ ਦੀਆਂ ਸਰਕਾਰਾਂ ਅਗਰ ਚਾਹੁਨ ਕਿ ਪੰਜਾਬ ਇਸੇ ਤਰ੍ਹਾਂ ਹੀ ਚਲਦਾ ਰਖਿਆ ਜਾਵੇ



ਤਾਂ ਇਹ ਪੰਜਾਬ ਬਿਲਕੁਲ ਹੀਤਬਾਹ ਹੋਕੇ ਰਹਿ ਜਾਵੇਗਾ। ਇਸ ਲਈ ਵਕਤ ਆ ਗਿਆ ਹੈ ਕਿ ਅਸੀਂ ਇਹ ਖੇਤੀਬਾੜੀ ਵਾਲਾ ਜਿਹੜਾ ਧੰਦਾ ਸਾਡੇ ਪਾਸ ਹੈ ਇਸਨੂੰ ਤੁਰੰਤ ਉਦਯੋਗ ਵਿੱਚ ਬਦਲ ਦਈਏ ਅਤੇ ਵਡੇ ਫਾਰਮ ਬਣਾਕੇ ਬਾਕਾਇਦਾ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਕਰਕੇ ਖੂਬ ਅਨਾਜ ਪੈਦਾ ਕਰੀਏ। ਖੂਬ ਸਬਜ਼ੀਆਂ ਪੈਦਾ ਕਰੀਏ। ਅਸੀਂ ਵਡੀਆਂ ਸਹਿਕਾਰਤਾ ਸਮਿਤੀਆਂ ਖੜੀਆ ਕਰ ਦਈਏ ਅਤੇ ਪੰਜਾਬ ਦ ਲੋਕੀਂ ਜ਼ਮੀਨ ਦੀ ਮਾਲਕੀ ਛਡਣ ਲਈ ਤਿਆਰ ਨਹੀਂ ਹਨ ਇਸ ਲਈ ਸਾਰੀ ਜ਼ਮੀਨ ਸਹਿਕਾਰਤਾ ਸਮਿਤੀਆਂ ਅਧੀਨ ਆ ਜਾਵੇ, ਪਰ ਮਾਲ ਵਿਭਾਗ ਵਿੱਚ ਲੋਕਾਂ ਦੀਆਂ ਮਾਲਕੀਆਂ ਕਾਇਮ ਰਖੀਆਂ ਜਾਣ ਅਤੇ ਜਦ ਕਦੀ ਵੀ ਕੋਈ ਜ਼ਮੀਨ ਵੇਚਣਾ ਚਾਹੇ ਤਾਂ ਵੇਚ ਵੀ ਸਕੇ ਅਤੇ ਅਗਰ ਕਰਜ਼ਾ ਲੈਂਦਾ ਹੈ ਤਾਂ ਗਹਿਣੇ ਵੀ ਰਖੀ ਜਾ ਸਕੇ ਅਤੇ ਐਸੀਆਂ ਹਾਲਤਾਂ ਵਿੱਚ ਰਿਕਾਰਡ ਵਿੱਚ ਜਿਸ ਕਿਸੇ ਦੇ ਨਾਮ ਵੀ ਜ਼ਮੀਨ ਚੜ੍ਹ ਜਾਵੇ ਉਹ ਸਹਿਕਾਰਤਾ ਸਮਿਤੀ ਵਿੱਚ ਹਿਸੇਦਾਰ ਬਣਾਇਆ ਜਾ ਸਕਦਾ ਹੈ।

**ਆਓ ਵਿਚਾਰ ਕਰੀਏ**

ਅਸੀਂ ਖੇਤੀਬਾੜੀ ਸਿਰਫ ਖਾਨਦਾਨੀ ਧੰਦਾ ਸਮਝ ਕੇ ਨਹੀਂ ਚਲਾਉਣੀ ਬਲਕਿ ਇਹ ਉਦਯੋਗਿਕ ਇਕਾਈਆਂ ਦੀ ਤਰ੍ਹਾਂ ਚਲਾਈਆਂ ਜਾਣ ਅਤੇ ਪੂਰੀ ਤਰ੍ਹਾਂ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋ ਕਰਕੇ ਪੈਦਾਵਾਰ ਵਧਾਈ ਜਾਵੇ। ਅਤੇ ਅਨਾਜ ਅਤੇ ਸਬਜ਼ੀਆਂ ਦੁਧ ਆਦਿ ਵੀ ਵਿਉਪਾਰਕਿ ਆਧਾਰ ਉਤੇ ਹੋ ਜਾਣ। ਅਸੀਂ ਸਹਿਕਾਰਤਾ ਸਮਿਤੀਆਂ ਨੂੰ ਵਡੀਆਂ ਡੇਅਰੀਆਂ ਖੜੀਆਂ ਕਰਨ ਲਈ ਵੀ ਮਜ਼ਬੂਰ ਕਰ ਸਕਦੇ ਹਾਂ। ਅਸੀਂ ਕੈਟਲ ਬਰੀਡਿੰਗ ਫਾਰਮ ਵੀ ਖੜੇ ਕਰ ਸਕਦੇ ਹਾਂ। ਸਾਨੂੰ ਸੂਰ ਅਤੇ ਬਕਰੀਆਂ ਪਾਲਣ ਦੇ ਵਡੇ ਫਾਰਮ ਵੀ ਖੜੇ ਕਰਨੇ ਹਨ ਅਤੇ ਇਸੇ। ਤਰ੍ਹਾਂ ਅਸੀਂ ਮੁਰਗੀਆਂ ਪਾਲਣ ਅਤੇ ਅੰਡਿਆਂ ਮੀਟ ਦੇ ਖੇਤਰ ਵਿੱਚ ਵੀ ਪੈਰ ਰਖ ਸਕਦੇ ਹਾਂ।

ਅਸੀਂ ਸਾਰੇ ਭਾਰਤ ਲਈ ਖਾਣ ਪੀਣ ਦਾ ਸਾਰਾ ਸਾਮਾਨ ਤਿਆਰ ਕਰ ਸਕਦੇ ਹਾਂ ਅਤੇ ਇਸ ਪੰਜਾਬ ਵਿੱਚ ਵਡੀਆਂ ਫੈਕਟਰੀਆਂ ਲਗਾਕੇ ਅਨਾਜ ਦੀ ਹਰ ਤਰ੍ਹਾਂ ਦੀ ਪ੍ਰੋਸੈਸਿੰਗ ਕਰਨ ਦੀਆਂ ਇਕਾਈਆਂ ਖੜੀਆਂ ਕਰ ਦਿਤੀਆਂ ਜਾਣ ਤਾਂਕਿ ਇਕ ਦਾਣਾ ਵੀ ਇਸ ਹੀ ਹਾਲਤ ਵਿੱਚ ਪੰਜਾਬ ਤੋਂ ਬਾਹਰ ਨਾ ਜਾਵੇ। ਅਸੀਂ ਅਨਾਜ ਨੂੰ ਕਈ ਰੂਪਾਂ ਵਿੱਚ ਬਦਲ ਸਕਦੇ ਹਾਂ ਅਤੇ ਖਾਣਯੋਗ ਬਣਾ ਸਕਦੇ ਹਾਂ ਅਤੇ ਇਹ ਘਰ ਘਰ ਰੋਟੀ ਬਨਾਉਣ ਦਾ ਸਿਲਸਿਲਾ ਵੀ ਬਦਲ ਸਕਦੇ ਹਾਂ। ਬਹੁਤ ਸਾਰੇ ਯੋਰਪੀ ਮੁਲਕਾਂ ਵਿੱਚ ਖਾਣਾ ਗਰਮ ਕਰਕੇ ਹੀ ਖਾਇਆ ਜਾ ਰਿਹਾ ਹੈ ਇਹੀ ਸਿਲਸਿਲਾ ਅਸੀਂ ਭਾਰਤ ਵਿੱਚ ਵੀ ਖੜਾ ਕਰ ਸਕਦੇ ਹਾਂ ਅਤੇ ਇਸ ਵਕਤ ਪੰਜਾਬ ਦੀ ਨਵੀਂ ਸਰਕਾਰ ਨੂੰ ਮੋਕਾ ਮਿਲ ਗਿਆ ਹੈ ਕਿ ਉਹ ਇਸ ਪਾਸੇ ਧਿਆਨ ਦੇਵੇ। ਇਹ ਖੇਤੀਬਾੜੀ ਅਤੇ ਇਹ ਸਹਾਇਕ ਧੰਦੇ ਖੜੇ ਕਰਕੇ ਵਡੇ ਉਦਯੋਗਾਂ ਦਾ ਰੂਪ ਦੇ ਦਿਤਾ ਜਾਵੇ।

ਸਾਡੇ ਪਾਸ ਸਬਜ਼ੀਆਂ ਹਨ ਅਤੇ ਕਈ ਕਿਸਮ ਦੇ ਫਲ ਵੀ ਹਨ ਅਤੇ ਇਹ ਸਾਰਾ ਕੁਝ ਬਦਲਕੇ ਪੈਕ ਕੀਤਾ ਜਾ ਸਕਦਾ ਹੈ। ਸਾਡੇ ਪੰਜਾਬ ਦਾ ਖਾਣਾ ਸਾਰੇ ਭਾਰਤ ਵਿੱਚ ਮਸਹੂਰ ਹੈ ਅਤੇ ਅਗਰ ਅਸੀਂ ਕਾਰਖਾਨੇਲਗਾਕੇ ਇਹ ਖਾਣਾ ਤਿਆਰ ਕਰਨ ਲਗਜਾਈਏ ਤਾਂ ਸਾਰਾ ਭਾਰਤ ਸਾਡੇ ਖਾਣੇ ਦੀ ਝਾਕ ਵਿੱਚ ਆ ਜਾਵੇਗਾ।

ਖੇਤੀਬਾੜੀ ਨਾਲ ਸਬੰਧਿਤ ਹੋਰ ਕਿਤਨੇ ਹੀ ਕੰਮ ਹਨ। ਇਹ ਤੂੜੀ ਵੀ ਡੰਗਰਾਂ ਦੀ ਖੁਰਾਕ ਵਿੱਚ ਬਦਲੀ ਜਾ ਸਕਦੀ ਹੈ ਅਤੇ ਜਿਹੜਾ ਅਨਾਜ ਅਸੀਂ ਪ੍ਰੋਸੈਸ ਕਰਾਂਗੇ ਉਸਦੀ ਵੇਸਟ ਪਾਕੇ ਇਹ ਤੂੜੀ ਸੰਪੂਰਨ ਡੰਗਰਾ ਦੀ ਖੁਰਾਕ ਬਣਾਈ ਜਾ ਸਕਦੀ ਹੈ। ਅਸੀਂ ਤੂੜੀ ਅਤੇ ਝੋਨੇ ਦੀ ਪਰਾਲੀ ਵਰਤਕੇ ਗਤਾ ਵੀ ਬਣਾ ਸਕਦੇ ਹਾਂ ਅਤੇ ਪੇਪਰ ਮਿਲਾਂ ਵੀ ਖੜੀਆਂ ਕੀਤੀਆਂ ਜਾ ਸਕਦੀਆਂ ਹਲ।,ਇਹ ਸਹਿਕਾਰਤਾਂ ਸਮਿਤੀਆਂ ਆਪਣੇ ਅਨਾਜ ਭੰਡਾਰ ਵੀ ਖੜੇ ਕਰਨਗੀਆਂ ਅਤੇ ਅਨਾਜ ਮੰਡੀਆਂ ਵਿੱਚ ਵੇਚਣ ਦੀ ਬਜਾਏ ਇਹ ਪ੍ਰੋਸੈਸ ਕਰਕੇ ਵੇਚਿਆ ਜਾਵੇਗਾ ਅਤੇਜ਼ਿਆਦਾ ਲਾਭ ਪ੍ਰਾਪਤ ਕੀਤਾ ਜਾ ਸਕੇਗਾ। ਇਹ ਇਕਾਈਆਂ ਲੋਕਾਂ ਨੇ ਹੀ ਚਲਾਉਣੀਆਂ ਹਨ ਅਤੇ ਸਾਡੇ ਨੌਜਵਾਨਾ ਨੂੰ ਰਜਕੇ ਰੁਜ਼ਗਾਰ ਵੀ ਮਿਲੇਗਾ। ਇਹ ਇਕਾਈਆਂ ਆਪਣੇ ਹਸਪਤਾਲ ਵੀ ਖੋਲ੍ਹਣਗੀਆ ਅਤੇ ਆਪਣੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਇਲਾਜ ਵੀ ਕੀਤਾ ਜਾ ਸਕੇਗਾ।

ਅਸੀਂ ਪੰਜਾਬ ਵਾਲੇ ਸਾਰੇ ਦੇ ਸਾਰੇ ਭਾਰਤ ਦੀ ਰਸੋਈ ਬਣ ਜਾਈਏ ਅਤੇ ਇਹ ਪੰਜਾਬ ਦੇ ਜਿਹੜੇ ਇਲਾਕੇ ਸਾਥੋਂ ਖੋਹ ਲਏ ਗਏ ਹਨ ਅਤੇ ਅਜ ਹਰਿਆਣਾ ਅਤੇ ਹਿੰਮਾਚਲ ਪ੍ਰਦੇਸ਼ ਬਣ ਗਏ ਹਨਇਹ ਵੀਹ ਆਪਣਾ ਅਨਾਜ9, ਫਲ ਅਤੇ ਸਬਜ਼ੀਆਂ ਪੰਜਾਬ ਵਿੱਚ ਲਿਆਕੇ ਵੇਚਣ ਲਗ ਪੈਣਤਾਂਕਿ ਇਥੇ ਪ੍ਰਸੈਸ ਹੋਕੇ ਮਹਿੰਗੇ ਭਾਅ ਉਤੇ ਸਾਰੇ ਭਾਰਤ ਤਕ ਪੁਚਾਇਆ ਜਾ ਸਕੇ। ਇਸ ਨਾਲ ਰੁਜ਼ਗਾਰ ਦੇ ਇਤਨੇ ਮੋਕੇ ਬਣ ਆਉਣਗੇ ਕਿ ਹੋਰ ਇਲਾਕਿਆਂ ਵਿਚੋਂ ਵੀ ਨੌਜਵਾਨ ਸਿਖਲਆਈ ਲੈਕੇ ਸਾਡੇ ਪੰਜਾਬ ਵਿੱਚ ਰੁਜ਼ਗਾਰ ਦੀ ਭਾਲ ਕਰਨ ਲਗਪੈਣਗੇ ਭਾਰਤੀਆਂ ਦੀ ਚੰਗੀ ਮਜ਼ਬੂਤ ਸਿਹਤ ਲਈ ਖਾਣਾ ਵਧੀਆਂ ਹੋਣਾ ਚਾਹੀਦਾ ਹੈ ਅਤੇ ਅਗਰ ਅਸੀਂ ਭਾਰਤੀਆਂ ਨੂੰ ਸਿਹਤਮੰਦ ਖੁਰਾਕ ਦੇ ਸਕਦੇ ਹਾਂ ਤਾਂ ਇਸਤੋਂ ਵਡੀ ਦੇਸ਼ ਸੇਵਾ ਹੋਰ ਕੋਈ ਨਹੀਂ ਹੋ ਸਕਦੀ ਹੈ। ਸਾਡੇ ਮੁਖ ਮੰਤਰੀ ਮਾਨ ਜੀ ਨੇ ਵੀ ਐਲਾਨ ਕਰ ਰਖਿਆ ਹੈ ਕਿ ਵਕਗਤ ਆਵੇਗਾ ਅੰਗਰੇਜ਼ ਵੀ ਸਾਡੀਆਂ ਇਕਾਈਆਂ ਵਿੱਚ ਆਕੇ ਸੇਵਾ ਕਰਨੀ ਪਸੰਦ ਕਰਨਗੇ ਇਹ ਸਪਨਾ ਵੀ ਪੂਰਾ ਹੋ ਸਕਦਾ ਹੈ। ਲਵ ਭਗ ਸਾਰੇ ਲੋਕਾਂ ਨੂੰ ਅਸੀਂ ਰੁਜ਼ਗਾਰ ਦੇ ਸਕਾਂਗੇ। ਚੰਗੀਆਂ ਤਨਖਾਹਾਂ। ਭਤੇ, ਮੈਡੀਕਲ, ਬੀਮਾਂ, ਪੈਨਸ਼ਨ ਦੀਆਂ ਸਹੂਲਤਾ ਦੇ ਸਕਾਂਗੇ ਅਤੇ ਮਾਲਡ ਨਿਯੋਜਜਿਕ ਬਣਕੇ ਸਾਡਾ ਪੰਜਾਬ ਭਾਰਤ ਲਈ ਮਿਲਸਾਲ ਬਣ ਜਾਵੇਗਾ।

# ਬਾਲ ਰਚਨਾਵਾਂ

## ਜਾਦੂਗਰਨੀ

ਇੱਕ ਪਿੰਡ ਵਿੱਚ ਇੱਕ ਜਾਦੂਗਰਨੀ ਰਹਿੰਦੀ ਸੀ। ਉਹ ਜਾਦੂਗਰਨੀ ਬਹੁਤ ਚੰਗੀ ਸੀ।



ਅੰਜਲੀ , ਜਮਾਤ - ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ

ਜਾਦੂਗਰਨੀ ਇਮਾਨਦਾਰ ਸੀ। ਉਹ ਸਾਰਿਆਂ ਦੀ ਮੱਦਦ ਕਰਦੀ ਸੀ।ਇੱਕ ਵਾਰ ਉਸ ਕੋਲ ਇੱਕ ਗ਼ਰੀਬ ਆਦਮੀ ਆਇਆ। ਉਸ ਨੇ ਜਾਦੂਗਰਨੀ ਤੋਂ ਰੋਟੀ ਮੰਗੀ। ਉਸ ਨੇ ਕਿਹਾ ਕਿ ਮੈਂ ਗਰੀਬ ਹਾਂ। ਮੇਰੀ ਮੱਦਦ ਕਰੋ। ਜਾਦੂਗਰਨੀ ਨੂੰ ਉਸ 'ਤੇ ਤਰਸ ਆ ਗਿਆ। ਉਸ ਨੇ ਗ਼ਰੀਬ ਆਦਮੀ ਨੂੰ ਰੋਟੀ ਦਿੱਤੀ। ਜਾਦੂਗਰਨੀ ਨੇ ਉਸ ਨੂੰ ਪੈਸੇ ਵੀ ਦਿੱਤੇ। ਉਹ ਖੁਸ਼ੀ - ਖੁਸ਼ੀ ਆਪਣੇ ਘਰ ਚਲਾ ਗਿਆ। ਜਦੋਂ ਉਹ ਗ਼ਰੀਬ ਆਦਮੀ ਅਮੀਰ ਬਣਿਆ ਤਾਂ ਉਸ ਦੇ ਗੁਆਂਢੀ ਉਸ ਨਾਲ ਜਲਣ ਲੱਗ ਪਏ। ਉਹ ਉਸ ਨਾਲ ਈਰਖਾ ਕਰਨ ਲੱਗ ਪਏ। ਇਹ ਦੇਖ ਕੇ ਇੱਕ ਅਮੀਰ ਆਦਮੀ ਨੇ ਆਪਣਾ ਭੇਸ ਬਦਲਿਆ। ਉਸ ਅਮੀਰ ਆਦਮੀ ਨੇ ਆਪਣੇ ਕੱਪੜੇ ਫਾੜ ਲਏ ਅਤੇ ਜਾਦੂਗਰਨੀ ਕੋਲ ਚਲਾ ਗਿਆ। ਉਹ ਕਹਿਣ ਲੱਗਾ ਕਿ ਮੈਂ ਗਰੀਬ ਹਾਂ। ਤੁਸੀਂ ਮੇਰੀ ਵੀ ਮੱਦਦ



ਕਰੋ। ਜਾਦੂਗਰਨੀ ਨੂੰ ਪਤਾ ਲੱਗ ਗਿਆ ਕਿ ਇਹ ਗ਼ਰੀਬ ਨਹੀਂ ਹੈ। ਉਸ ਨੇ ਕਿਹਾ ਕਿ ਤੇਰੇ ਪੈਸੇ ਧਨ - ਦੌਲਤ ਤੇਰੇ ਘਰੇ ਪਹੁੰਚ ਗਿਆ ਹੈ। ਜਾ ਕੇ ਦੇਖ ਲਓ। ਜਦੋਂ ਅਮੀਰ ਵਿਅਕਤੀ ਆਪਣੇ ਘਰ ਪਹੁੰਚਿਆ ਤਾਂ ਉਸ ਦਾ ਧਨ - ਦੌਲਤ ਸਭ ਗਾਇਬ ਹੋ ਚੁੱਕਾ ਸੀ। ਹੁਣ ਉਹ ਬਹੁਤ ਬੁਰੀ ਤਰ੍ਹਾਂ ਪਛਤਾ ਰਿਹਾ ਸੀ। ਉਸ ਨੇ ਲਾਲਚ ਵਿੱਚ ਆ ਕੇ ਆਪਣਾ ਧਨ ਵੀ ਗੁਆ ਲਿਆ। ਹੁਣ ਉਹ ਗ਼ਰੀਬ ਬਣ ਗਿਆ।

ਸਿੱਖਿਆ :- ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਲਾਲਚ ਨਹੀਂ ਕਰਨਾ ਚਾਹੀਦਾ।

*-ਗਾਈਡ ਅਧਿਆਪਕ:*
*ਮਾਸਟਰ ਸੰਜੀਵ ਧਰਮਾਣੀ*
*(ਸ਼੍ਰੀ ਅਨੰਦਪੁਰ ਸਾਹਿਬ)*

## " ਸ਼ੇਰ ਜੰਗਲ ਦਾ ਰਾਜਾ ਹੈ

ਪਿਆਰੇ ਬੱਚਿਓ ! ਤੁਸੀਂ ਆਪਣੇ ਮਾਤਾ - ਪਿਤਾ ਅਤੇ ਸਕੂਲ ਵਿੱਚ ਆਪਣੇ ਅਧਿਆਪਕਾਂ ਪਾਸੋਂ ਸ਼ੇਰ ਬਾਰੇ ਅਤੇ ਸ਼ੇਰ ਦੀਆਂ ਕਹਾਣੀਆਂ ਨੂੰ ਜ਼ਰੂਰ ਸੁਣਿਆ ਹੋਵੇਗਾ। ਤੁਸੀਂ ਇਹ ਵੀ ਸੁਣਿਆ ਹੋਵੇਗਾ ਕਿ ਸ਼ੇਰ ਨੂੰ " ਜੰਗਲ ਦਾ ਰਾਜਾ " ਕਿਹਾ ਜਾਂਦਾ ਹੈ। ਬੱਚਿਓ ! ਕੀ ਤੁਸੀਂ ਇਹ ਜਾਣਦੇ ਹੋ ਕਿ ਸ਼ੇਰ ਨੂੰ ਜੰਗਲ ਦਾ ਰਾਜਾ ਕਿਉਂ ਕਿਹਾ ਜਾਂਦਾ ਹੈ ? ਆਓ ! ਇਸ ਬਾਰੇ ਅੱਜ ਜਾਣਦੇ ਹਾਂ। ਪਿਆਰੇ ਬੱਚਿਓ ! ਸ਼ੇਰ ਇੱਕ ਖ਼ੂੰਖਾਰ , ਮਾਸਾਹਾਰੀ , ਭਿਆਨਕ , ਸ਼ਕਤੀਸ਼ਾਲੀ , ਬੇਹੱਦ ਚੌਕਸ ਅਤੇ ਬਹਾਦਰ ਜੰਗਲੀ ਜਾਨਵਰ ਹੈ। ਇਹ ਅਕਸਰ ਹਿਰਨ , ਗਿੱਦੜ , ਜਿਰਾਫ਼ , ਜੰਗਲੀ ਮੱਝਾਂ ਆਦਿ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਪਰ ਕਦੇ - ਕਦੇ ਮਨੁੱਖ ਅਤੇ ਬਾਂਦਰਾਂ ਦਾ ਸ਼ਿਕਾਰ ਵੀ ਕਰ ਲੈਂਦਾ ਹੈ। ਸ਼ੇਰ ਕਦੇ ਹਾਥੀ ਅਤੇ ਗੈਂਡੇ 'ਤੇ ਹਮਲਾ ਨਹੀਂ ਕਰਦਾ। ਦਿਨ ਦੇ ਸਮੇਂ ਸ਼ੇਰ ਆਰਾਮ ਕਰਦੇ ਹਨ ਅਤੇ ਰਾਤ ਨੂੰ ਸ਼ਿਕਾਰ ਕਰਨ ਲਈ ਨਿਕਲ ਜਾਂਦੇ ਹਨ। ਪਿਆਰੇ ਬੱਚਿਓ ! ਸ਼ੇਰ ਨੂੰ " ਜੰਗਲ ਦਾ



ਰਾਜਾ " ਇਸ ਲਈ ਕਿਹਾ ਜਾਂਦਾ ਹੈ ; ਕਿਉਂਕਿ ਸ਼ੇਰ ਮਨੁੱਖ ਅਤੇ ਹੋਰ ਦੂਸਰੇ ਜਾਨਵਰਾਂ 'ਤੇ ਇੰਨੀ ਤੇਜ਼ੀ ਅਤੇ ਭਿਆਨਕਤਾ ਨਾਲ਼ ਹਮਲਾ ਕਰਦਾ ਹੈ ਕਿ ਵਿਅਕਤੀ ਜਾਂ ਜਾਨਵਰ ਆਪਣੀ ਰੱਖਿਆ ਦੇ ਸਾਰੇ ਤਰੀਕੇ ਭੁੱਲ ਜਾਂਦਾ ਹੈ। ਸ਼ੇਰ ਦੀ ਇਸੇ ਖ਼ਾਸੀਅਤ ਸਦਕਾ ਇਹ " ਜੰਗਲ ਦਾ ਰਾਜਾ " ਅਖਵਾਉਂਦਾ ਹੈ। ਬੱਚਿਓ ! ਸ਼ੇਰ ਭਾਰਤ ਦੇ ਉੱਤਰ - ਪੱਛਮੀ ਜੰਗਲਾਂ ਵਿੱਚ ਪਾਏ ਜਾਂਦੇ ਹਨ। ਸ਼ੇਰ ਜਦੋਂ ਜ਼ੋਰ ਨਾਲ ਦਹਾੜਦਾ ਹੈ , ਤਦ ਸਾਰੇ ਜਾਨਵਰ ਡਰ ਕੇ ਦੂਰ ਭੱਜ ਜਾਂਦੇ ਹਨ। ਸ਼ੇਰ ਦਰੱਖਤਾਂ 'ਤੇ ਨਹੀਂ ਚੜ੍ਹ ਸਕਦਾ। ਬੱਚਿਓ ! ਸ਼ੇਰ ਇੱਕ ਅਜਿਹਾ ਜਾਨਵਰ ਹੈ , ਜਿਸਨੂੰ ਸਮੁੱਚੀ ਦੁਨੀਆਂ ਵਿੱਚ ਸ਼ਕਤੀ ਦੇ ਰੂਪ ਵਜੋਂ ਜਾਣਿਆ ਜਾਂਦਾ ਹੈ। ਸ਼ੇਰ ਦੀ ਬਹਾਦਰੀ ਤੇ ਸ਼ਕਤੀ ਲਈ ਪੰਜਾਬੀ ਵਿੱਚ ਅਖਾਣ ਵੀ ਹੈ , " ਸ਼ੇਰ ਜਿਹਾ ਦਿਲ "। ਸ਼ੇਰ ਦੀ ਸ਼ਕਤੀ ਕਰਕੇ ਝੰਡਿਆਂ , ਸ਼ੀਲਡਾਂ , ਪ੍ਰਤੀਕਾਂ ਅਤੇ ਧਾਰਮਿਕ ਸਥਾਨਾਂ 'ਤੇ ਸ਼ੇਰ ਦਾ ਚਿੰਨ੍ਹ ਜਾਂ ਤਸਵੀਰ ਅੰਕਿਤ ਕੀਤੀ ਗਈ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਜ਼ਖ਼ਮੀ ਸ਼ੇਰ ਬਹੁਤ ਜ਼ਿਆਦਾ ਖ਼ਤਰਨਾਕ ਹੁੰਦਾ ਹੈ। ਪਿਆਰੇ ਬੱਚਿਓ ! ਹੁਣ ਤੁਸੀਂ ਸਮਝ ਗਏ ਹੋਵੋਗੇ ਕਿ ਸ਼ੇਰ ਨੂੰ " ਜੰਗਲ ਦਾ ਰਾਜਾ " ਉਸ ਦੇ ਮਹਾਨ ਗੁਣਾਂ ਕਰਕੇ ਕਿਹਾ ਜਾਂਦਾ ਹੈ। ਬੱਚਿਓ ! ਸਾਨੂੰ ਪੰਛੀਆਂ , ਜਾਨਵਰਾਂ ਤੇ ਜੰਗਲਾਂ (ਦਰਖਤਾਂ) ਨੂੰ ਕਦੇ ਵੀ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਸਾਨੂੰ ਕੁਦਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਹਾਂ ! ਇਹ ਵੀ ਜ਼ਰੂਰੀ ਹੈ ਕਿ ਅਸੀਂ ਜੰਗਲੀ ਜਾਨਵਰਾਂ ਜਾਂ ਹੋਰ ਜਾਨਵਰਾਂ ਤੋਂ ਬਚ ਕੇ ਰਹੀਏ ; ਕਿਉਂਕਿ ਇਹ ਸਾਡੇ 'ਤੇ ਹਮਲਾ ਵੀ ਕਰ ਸਕਦੇ ਹਨ। ਅਗਲੀ ਵਾਰ ਫੇਰ ਮਿਲਾਂਗੇ , ਕਿਸੇ ਹੋਰ ਨਵੀਂ ਜਾਣਕਾਰੀ ਦੇ ਨਾਲ਼। ਤਦ ਤੱਕ ਦੇ ਲਈ ਨਮਸਤੇ , ਸਤਿ ਸ੍ਰੀ ਅਕਾਲ ਪਿਆਰੇ ਬੱਚਿਓ !!!

ਤੁਹਾਡਾ ਆਪਣਾ

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਅੱਜ ਲੱਗੀ ਨਜ਼ਰ ਪੰਜਾਬ ਨੂੰ...

-ਪ੍ਰੋਫੈਸਰ ਰਣਦੀਪ ਕੌਰ ਪੰਧੇਰ

ਪੰਜਾਬ ਗੁਰੂਆਂ-ਪੀਰਾਂ ਫਕੀਰਾਂ ਤੇ ਸੂਫੀਆਂ ਸੰਤਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਅਲਬੇਲਾ ਕਵੀ ਪ੍ਰੋਫੈਸਰ ਪੂਰਨ ਸਿੰਘ ਇਸ ਨੂੰ 'ਪੰਜਾਬ ਵਸਦਾ ਗੁਰਾਂ ਦੇ ਨਾਂ ਉੱਤੇ' ਕਹਿ ਕੇ ਵਡਿਆਉਂਦਾ ਹੈ। ਪੰਜਾਬਦੇ ਜਾਏ ਹਮੇਸ਼ਾ ਜ਼ਾਲਮ ਹਕੂਮਤ ਅੱਗੇ ਹਿੱਕ ਤਾਣ ਕੇ ਖੜ੍ਹਦੇ ਰਹੇ ਹਨ। ਇਸੇ ਲਈ ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਮਾਣ ਹਾਸਲ ਹੈ। ਇਸ ਦੇ ਜਾਇਆਂ ਨੇ ਕਦੇ ਬੇਗਾਨੀ ਧੀ-ਭੈਣ ਦੀ ਇੱਜ਼ਤ ਨੂੰ ਵੀ ਕਲੰਕਿਤ ਨਹੀਂ ਹੋਣ ਦਿੱਤਾ। ਉਹ ਹਕੂਮਤਾਂ ਨਾਲ ਭਿੜ ਗਏ, ਤਸੀਹੇ ਸਹੇ, ਪਰ ਕਦੇ ਜ਼ੁਲਮ ਅੱਗੇ ਗੋਡੇ ਨਹੀਂ ਟੇਕੇ ਅਤੇ ਦੂਜਿਆਂ ਦੀ ਰੱਖਿਆ ਲਈ ਹਮੇਸ਼ਾ ਆਪਾ ਵਾਰਦੇ ਰਹੇ ਹਨ ਤੇ ਮਜ਼ਲੂਮਾਂ ਦੀ ਢਾਲ ਬਣ ਕੇ ਖੜ੍ਹਦੇ ਰਹੇ ਹਨ।



ਅੱਜ ਮੇਰੇ ਸੋਹਣੇ ਰੰਗਲੇ ਪੰਜਾਬ ਨੂੰ ਕਿਸੇ ਦੀ ਨਜ਼ਰ ਲੱਗ ਗਈ ਜਾਪਦੀ ਹੈ। ਇੱਥੋਂ ਦੀਆਂ ਧੀਆਂ-ਭੈਣਾਂ ਇੱਥੋਂ ਦੇ ਹੀ ਨੌਜਵਾਨਾਂ ਅੱਗੇ ਸੁਰੱਖਿਅਤ ਨਹੀਂ। ਪੰਜ ਦਰਿਆਵਾਂ ਦੇ ਜਾਇਆਂ ਨੇ ਵਿਦੇਸ਼ੀ ਧਾੜਵੀਆਂ ਤੋਂ ਆਪਣੀਆਂ ਧੀਆਂ-ਭੈਣਾਂ ਦੀ ਆਬਰੂ ਬਚਾਉਣ ਖਾਤਰ ਆਪਣੀਆਂ ਜਾਨਾਂ ਤੱਕ ਨਿਛਾਵਰ ਕਰ ਦਿੱਤੀਆਂ ਸਨ। ਅੱਜ ਨਸ਼ਿਆਂ ਦੀ ਲਤ ਨੇ ਉਨ੍ਹਾਂ ਦੀ ਸੁਧ-ਬੁਧ ਮਾਰ ਦਿੱਤੀ ਹੈ ਅਤੇ ਉਹ ਆਪਣੇ ਸੁਨਹਿਰੀ ਅਤੀਤ ਭੁੱਲਦੇ ਜਾ ਰਹੇ ਹਨ। ਕੁਝ ਦਿਨ ਪਹਿਲਾਂ ਮੇਰੇ ਨਾਲ ਵੀ ਇੱਕ ਅਜਿਹਾ ਹਾਦਸਾ ਵਾਪਰਿਆ, ਜਿਸ ਨੇ ਇਹ ਸੋਚਣ ਉੱਤੇ ਮਜਬੂਰ ਕਰ ਦਿੱਤਾ ਕਿ ਆਖਰ ਔਰਤ ਕਿੱਥੇ ਸੁਰੱਖਿਅਤ ਹੈ? ਜੇ ਅਜੋਕੇ ਯੁੱਗ ਵਿੱਚ ਕੰਮ-ਕਾਜੀ ਔਰਤਾਂ ਦਾ ਸਫਰ ਮਰਦ ਦੇ ਮੁਕਾਬਲੇ ਵਧੇਰੇ ਔਖਾ ਜਾਂ ਮੁਸ਼ਕਲ ਹੈ ਤਾਂ ਉਸ ਦਾ ਕਾਰਨ ਸਿਰਫ ਘਰੇਲੂ ਕੰਮ-ਕਾਜ ਜਾਂ ਸਮਾਜਕ ਪਰੰਪਰਾ ਦੀਆਂ ਬੇੜੀਆਂ ਨਹੀਂ। ਔਰਤ ਲਈ ਕੰਮ-ਕਾਜੀ ਹੋਣਾ ਸਮੇਂ ਦੀ ਜ਼ਰੂਰਤ ਹੈ ਅਤੇ ਸਥਿਤੀਆਂ ਦੇ ਮੁਤਾਬਕ ਇਹ ਵਧੇਰੇ ਚੁਣੌਤੀਪੂਰਨ ਹੋ ਗਿਆ ਹੈ।

ਹੋਇਆ ਇਹ ਕਿ ਕੁਝ ਦਿਨ ਪਹਿਲਾਂ ਮੈਂ ਕਿਸੇ ਕੰਮ ਦੇ ਸਿਲਸਿਲੇ ਵਿੱਚ ਚੰਡੀਗੜ੍ਹ ਗਈ। ਵਾਪਸੀ ਉਤੇ ਮੋਹਾਲੀ ਦੇ ਨਜ਼ਦੀਕ ਮੈਂ ਬਸ ਦਾ ਇੰਤਜ਼ਾਰ ਕਰ ਰਹੀ ਸੀ। ਮੇਰੇ ਤੋਂ ਥੋੜ੍ਹੀ ਵਿੱਥ ਉੱਤੇ ਕੁਝ ਸਵਾਰੀਆਂ ਹੋਰ ਵੀ ਖੜ੍ਹੀਆਂ ਸਨ ਕਿ ਅਚਾਨਕ ਇੱਕ ਕਾਰ ਮੇਰੇ ਕੋਲ ਆ ਕੇ ਰੁਕੀ। ਉਸ ਵਿੱਚੋਂ ਇੱਕ ਨੌਜਵਾਨ ਨੇ ਮਿੰਨਤ ਜਿਹੀ ਕਰਦੇ ਹੋਏ ਕਿਹਾ, 'ਮੈਡਮ, ਮੇਰਾ ਫੋਨ ਬੈਟਰੀ ਘੱਟ ਹੋਣ ਕਾਰਨ ਬੰਦ ਹੋ ਗਿਆ ਹੈ, ਮੇਰੀ ਮਾਂ ਮੇਰੇ ਨਿੱਕੇ ਬੇਟੇ ਨਾਲ ਫਾਜ਼ਿਲਕਾ ਤੋਂ ਆ ਰਹੀ ਹੈ, ਮੈਂ ਉਨ੍ਹਾਂ ਨੂੰ ਇਸੇ ਬਸ ਸਟਾਪ ਉੱਤੇ ਰੁਕਣ ਲਈ ਕਿਹਾ ਸੀ, ਪਰ ਮੇਰਾ ਫੋਨ ਬੰਦ ਹੋ ਗਿਆ ਹੈ। ਕੀ ਤੁਸੀਂ ਆਪਣੇ ਫੋਨ ਤੋਂ ਉਨ੍ਹਾਂ ਨੂੰ ਇੱਕ ਵਾਰ ਫੋਨ ਕਰ ਦਿਓਗੇ? ਮੈਂ ਪਹਿਲਾਂ ਮਨ੍ਹਾਂ ਕੀਤਾ, ਦੋ ਤਿੰਨ ਮਿੰਟ ਬਾਅਦ ਉਹੀ ਮੁੰਡਾ ਫਿਰ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ, ਮੈਡਮ ਮਿੰਨਤ ਵਾਲੀ ਗੱਲ ਹੈ, ਇੱਕ ਫੋਨ ਕਰਵਾ ਦਿਓ। ਇਸ ਵਾਰ ਦੀ ਗੱਲ ਸੁਣ ਕੇ ਮੈਨੂੰ ਲੱਗਾ ਕਿ ਸ਼ਾਇਦ ਉਹ ਸੱਚੀ ਪਰੇਸ਼ਾਨ ਹੈ। ਉਸ ਲੜਕੇ ਨੇ ਜੋ ਨੰਬਰ ਦਿੱਤਾ, ਮੈਂ ਆਪਣੇ ਫੋਨ ਤੋਂ ਡਾਇਲ ਕੀਤਾ। ਇਸ ਦੌਰਾਨ ਮੈਂ ਆਪਣੇ ਮਨ ਵਿੱਚ ਸੋਚ ਰਹੀ ਕਿ ਮੈਂ ਆਪਣਾ ਫੋਨ ਇਹਨੂੰ ਬਿਲਕੁਲ ਵੀ ਨਹੀਂ ਫੜਾਵਾਂਗੀ ਅਤੇ ਖੁਦ ਹੀ ਗੱਲ ਕਰਾਂਗੀ। ਕੀ ਪਤਾ ਕਿ ਇਹ ਮੇਰਾ ਫੋਨ ਲੈ ਕੇ ਨਾ ਭੱਜ ਜਾਵੇ। ਉਸ ਨੰਬਰ ਉੱਤੇ ਕਿਸੇ ਨੇ ਵੀ ਫੋਨ ਨਹੀਂ ਚੁੱਕਿਆ।



ਇਸ ਬਾਰੇ ਮੈਂ ਉਸ ਮੁੰਡੇ ਨੰ ਦੱਸ ਦਿੱਤਾ ਕਿ ਤੁਹਾਡੇ ਨੰਬਰ ਉੱਤੇ ਕੋਈ ਵੀ ਫੋਨ ਨਹੀਂ ਚੁੱਕਦਾ ਤੇ ਜੇ ਉਨ੍ਹਾਂ ਦਾ ਦੁਬਾਰਾ ਫੋਨ ਆਇਆ ਤਾਂ ਮੈਂ ਦੱਸ ਦਿਆਂਗੀ ਕਿ ਤੁਸੀਂ ਇਸ ਥਾਂ ਉੱਤੇ ਖੜ੍ਹੇ ਉਨ੍ਹਾਂ ਦੀ ਉਡੀਕ ਕਰ ਰਹੇ ਹੋ। ਉਹ ਮੁੰਡਾ ਉਥੋਂ ਧੰਨਵਾਦ ਕਰ ਕੇ ਚਲਾ ਗਿਆ। ਕਰੀਬ 10 ਮਿੰਟ ਬਾਅਦ ਮੈਨੂੰ ਉਸ ਫੋਨ ਤੋਂ ਦੋਬਾਰਾ ਫੋਨ ਆਇਆ।ਉਸੇ ਲੜਕੇ ਦੀ ਆਵਾਜ਼ ਸੀ। ਕਹਿਣ ਲੱਗਾ, "ਮੈਡਮ, ਆਪਾਂ ਦੋਵੇਂ ਕਿਤੇ ਚੱਲੀਏ।" ਮੈਂ ਸੁਣ ਕੇ ਸੁੰਨ ਹੋ ਗਈ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਹ ਫੋਨ ਕੀਹਨੇ ਕੀਤਾ। ਪੁੱਛਣ ਉੱਤੇ ਉਸ ਲੜਕੇ ਨੇ ਕਿਹਾ ਕਿ ਤੁਸੀਂ ਮੈਨੂੰ ਦਸ ਮਿੰਟ ਪਹਿਲਾਂ ਆਪਣਾ ਨੰਬਰ ਦਿੱਤਾ ਹੈ। ਮੈਂ ਬਿਲਕੁਲ ਹੈਰਾਨ ਰਹਿ ਗਈ। ਇਹ ਉਸ ਲੜਕੇ ਦੀ ਮੇਰੇ ਤੋਂ ਨੰਬਰ ਲੈਣ ਦੀ ਚਾਲ ਸੀ। ਮੈਂ ਉਸ ਮੁੰਡੇ ਨੂੰ ਬਹੁਤ ਬੁਰਾ ਭਲਾ ਬੋਲਿਆ ਅਤੇ ਫੋਨ ਕੱਟ ਦਿੱਤਾ, ਪਰ ਉਹ ਮੁੰਡਾ ਮੈਨੂੰ ਪੰਜ-ਸੱਤ ਮਿੰਟ ਬਾਅਦ ਦੁਬਾਰਾ ਫੋਨ ਕਰਦਾ ਰਿਹਾ। ਮੈਂ ਬਹੁਤ ਜ਼ਿਆਦਾ ਪਰੇਸ਼ਾਨ ਹੋ ਗਈ। ਸ਼ਾਮੀਂ ਘਰ ਆਉਣ ਉੱਤੇ ਮੈਂ ਸਾਰੀ ਗੱਲ ਆਪਣੇ ਪਤੀ ਨੂੰ ਦੱਸੀ। ਉਨ੍ਹਾਂ ਨੇ ਜਦੋਂ ਆਪਣੇ ਫੋਨ ਤੋਂ ਓਸ ਮੁੰਡੇ ਨੂੰ ਫੋਨ ਕੀਤਾ ਤਾਂ ਉਹਦਾ ਕਹਿਣਾ ਸੀ ਕਿ ਤੁਹਾਡੀ ਪਤਨੀ ਨੇ ਮੈਨੂੰ ਆਪਣਾ ਨੰਬਰ ਦਿੱਤਾ ਹੈ। ਇਹ ਤਾਂ ਸ਼ੁਕਰ ਹੈ ਪਰਮਾਤਮਾ ਦਾ ਕਿ ਸਾਡਾ ਰਿਸ਼ਤਾ ਮੁਕੰਮਲ ਵਿਸ਼ਵਾਸ ਉੱਤੇ ਬਣਿਆ ਹੋਇਆ ਹੈ ਅਤੇ ਸਾਨੂੰ ਕਿਸੇ ਨੂੰ ਵੀ ਕਿਸੇ ਗੱਲ ਲਈ ਸਫਾਈਆਂ ਦੇਣ ਦੀ ਜ਼ਰੂਰਤ ਨਹੀਂ।ਇਨ੍ਹਾਂ ਨੇ ਉਸ ਮੁੰਡੇ ਨੂੰ ਫੋਨ ਉੱਤੇ ਕਿਹਾ ਕਿ ਤੂੰ ਜਿਸ ਕੁੜੀ ਨੂੰ ਫੋਨ ਕਰ ਰਿਹਾ ਹੈ, ਉਹ ਮੇਰੀ ਪਤਨੀ ਹੈ ਤੇ ਇੱਕ ਬੱਚੇ ਦੀ ਮਾਂ ਹੈ। ਇਸ ਨੰਬਰ ਉੱਤੇ ਜੇ ਦੁਬਾਰਾ ਫੋਨ ਕੀਤਾ ਤਾਂ ਅਸੀਂ ਥਾਣੇ ਜਾ ਕੇ ਸ਼ਿਕਾਇਤ ਕਰਾਂਗੇ। ਇਨ੍ਹਾਂ ਦਾ ਸਖਤ ਰੁਖ ਦੇਖ ਕੇ ਲੜਕਾ ਡਰ ਗਿਆ ਤੇ ਮੁਆਫੀ ਮੰਗਦੇ ਹੋਏ ਕਹਿਣ ਲੱਗਿਆ ਕਿ ਉਹ ਕਦੇ ਵੀ ਦੁਬਾਰਾ ਪ੍ਰੇਸ਼ਾਨ ਨਹੀਂ ਕਰੇਗਾ। ਅਣਕਿਆਸੀ ਬਿਪਤਾ ਤੋਂ ਛੁਟਕਾਰਾ ਪਾ ਕੇ ਮੈਨੂੰ ਬੇਹੱਦ ਸਕੂਨ ਮਿਲਿਆ।ਜੇ ਉਹ ਲੜਕਾ ਨਾ ਹਟਦਾ ਤਾਂ ਸਾਨੂੰ ਸਾਈਬਰ ਕਰਾਈਮ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਉਣੀ ਪੈਣੀ ਸੀ ਜਿਸ ਕਾਰਨ ਉਸ ਦਾ ਭਵਿੱਖ ਧੁੰਦਲਾ ਹੋ ਜਾਣਾ ਸੀ।

ਇਸ ਸਾਰੇ ਘਟਨਾਕ੍ਰਮ ਦਾ ਮੇਰੇ ਮਨ ਉਤੇ ਬਹੁਤ ਡੂੰਘਾ ਅਸਰ ਹੋਇਆ ਹੈ। ਇੱਕ ਸਵਾਲ ਮੇਰੇ ਮਨ ਵਿੱਚ ਉਦੋਂ ਤੋਂ ਵਾਰ-ਵਾਰ ਘੁੰਮ ਰਿਹਾ ਹੈ ਕਿ ਆਖਰ ਔਰਤ ਕਿੱਥੇ ਸੁਰੱਖਿਅਤ ਹੈ?ਮੇਰੇ ਵਰਗੀਆਂ ਕੰਮਕਾਜੀ ਔਰਤਾਂ, ਜਿਨ੍ਹਾਂ ਨੂੰ ਇੱਕ ਦਹਾਕਾ ਸਫਰ ਕਰਦੇ ਬੀਤ ਗਿਆ ਹੈ, ਜਦੋਂ ਉਨ੍ਹਾਂ ਨਾਲ ਅਜਿਹੇ ਹਾਦਸੇ ਵਾਪਰ ਸਕਦੇ ਹਨ ਤਾਂ ਸਾਡੀਆਂ ਬੱਚੀਆਂ ਨੂੰ ਨਿਸ਼ਾਨਾ ਬਣਾਉਣਾ ਕਿੰਨਾ ਕੁ ਔਖਾ ਹੈ? ਇਸ ਲਈ ਮੇਰੀ ਸਭ ਨੂੰ ਗੁਜਾਰਿਸ਼ ਹੈ ਕਿ ਆਪਣੇ ਪਰਵਾਰ ਦੀਆਂ ਔਰਤਾਂ ਉੱਤੇ ਵਿਸ਼ਵਾਸ ਕਰੋ ਤਾਂ ਜੋ ਉਹ ਆਪਣੇ ਨਾਲ ਵਾਪਰਨ ਵਾਲੀ ਹਰ ਘਟਨਾ ਦੀ ਜਾਣਕਾਰੀ ਤੁਹਾਨੂੰ ਘਰ ਆ ਕੇ ਦੇਣ ਤੇ ਅਜਿਹੇ ਗੈਰ ਸਮਾਜਕ ਅਨਸਰਾਂ ਦੇ ਇਰਾਦੇ ਨੂੰ ਕਾਮਯਾਬ ਹੋਣ ਤੋਂ ਰੋਕੇ ਜਾਣਅਤੇ ਸਾਡੀਆਂ ਧੀਆਂ-ਭੈਣਾਂ ਸੁਰੱਖਿਅਤ ਰਹਿਣ ਤੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ। ਅਤੇ ਹਾਂ, ਆਪਣੀਆਂ ਧੀਆਂ ਨੂੰ ਸਵੈ ਰੱਖਿਆ ਦੇ ਗੁਰ ਜ਼ਰੂਰ ਸਿਖਾਓ ਤਾਂ ਜੋ ਉਹ ਸੁਰੱਖਿਅਤ ਤੌਰ ਉੱਤੇ ਸਮਾਜ ਵਿੱਚ ਵਿਚਰ ਸਕਣ।




# ਸਿੱਪੀ ਸਿੱਧੂ ਕਤਲ ਕੇਸ ਵਿੱਚ ਕਾਰਜਕਾਰੀ ਚੀਫ ਜਸਟਿਸ ਦੀ ਧੀ ਜੇਲ੍ਹ ਭੇਜੀ ਗਈ

*** ਮੁਕੱਦਮੇ ਦੀ ਅਗਲੀ ਸੁਣਵਾਈ 5 ਜੁਲਾਈ ਨੂੰ**



ਚੰਡੀਗੜ੍ਹ, 22 ਜੂਨ (ਪੋਸਟ ਬਿਊਰੋ)- ਕੌਮੀ ਪੱਧਰ ਦੇ ਨਿਸ਼ਾਨੇਬਾਜ਼ ਅਤੇ ਐਡਵੋਕੇਟ ਸੁਖਮਨਪ੍ਰੀਤ ਸਿੰਘ ਸਿੱਧੂ ਉਰਫ ਸਿੱਪੀ ਸਿੱਧੂ ਦੇ ਕਤਲ ਕੇਸ ਵਿੱਚ ਸੀ ਬੀ ਆਈ ਵੱਲੋਂ ਸੱਤ ਸਾਲ ਬਾਅਦ ਗ੍ਰਿਫਤਾਰ ਕੀਤੀ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੀ ਕਾਰਜਕਾਰੀ ਚੀਫ ਜਸਟਿਸ ਸ਼ਬੀਨਾ ਦੀ ਧੀ ਕਲਿਆਣੀ ਸਿੰਘ ਨੂੰ ਦੋ ਦਿਨਾਂ ਦੇ ਰਿਮਾਂਡ ਪਿੱਛੋਂ ਚੰਡੀਗੜ੍ਹ ਸੈਕਟਰ 43 ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸ ਕੇਸ ਦੀ ਅਗਲੀ ਸੁਣਵਾਈ ਪੰਜ ਜੁਲਾਈ ਨੂੰ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਅਦਾਲਤ ਵਿੱਚ ਬਚਾਅ ਪੱਖ ਦੇ ਵਕੀਲ ਸਰਤੇਜ ਨਰੂਲਾ ਨੇ ਸੀ ਬੀ ਆਈ ਤੋਂ ਦਸੰਬਰ 2020 ਵਿੱਚ ਦਾਇਰ ਕੀਤੀ ਅਨਟਰੇਸ ਰਿਪੋਰਟ ਅਤੇ ਇਸ ਕੇਸ ਨਾਲ ਜੁੜੇ ਸਾਰੇ ਦਸਤਾਵੇਜ਼ਾਂ ਦੀ ਮੰਗ ਕੀਤੀ, ਜਿਸ ਦਾ ਸੀ ਬੀ ਆਈ ਦੇ ਵਕੀਲ ਨੇ ਵਿਰੋਧ ਕਰਦਿਆਂ ਕਿਹਾ ਕਿ ਸਿੱਪੀ ਸਿੱਧੂ ਕਤਲ ਕੇਸ ਦੀ ਜਾਂਚ ਜਾਰੀ ਹੈ, ਪੁਰਾਣੀ ਜਾਂਚ ਜਾਂ ਅਦਾਲਤੀ ਦਸਤਾਵੇਜ਼ਾਂ ਨਾਲ ਸੀ ਬੀ ਆਈ ਦੀ ਜਾਂਚ ਉੱਤੇ ਅਸਰ ਪੈ ਸਕਦਾ ਹੈ। ਉਨ੍ਹਾਂ ਸੀ ਬੀ ਆਈ ਦੀ ਜਾਂਚ ਪੂਰੀ ਹੋਣ ਤਕ ਕੋਈ ਵੀ ਦਸਤਾਵੇਜ਼ ਬਚਾਅ ਪੱਖ ਨੂੰ ਨਾ ਦੇਣ ਦੀ ਅਪੀਲ ਕੀਤੀ। ਅਦਾਲਤ ਨੇ ਦੋਵਾਂ ਧਿਰਾਂ ਨੂੰ ਸੁਣਨ ਦੇ ਬਾਅਦ ਦਸਤਾਵੇਜ਼ਾਂ ਦੀ ਸਪੁਰਦਗੀ ਬਾਰੇ ਫੈਸਲਾ ਰਾਖਵਾਂ ਰੱਖ ਲਿਆ ਹੈ। ਵਰਨਣ ਯੋਗ ਹੈ ਕਿ 20 ਸਤੰਬਰ 2015 ਨੂੰ ਸੈਕਟਰ 27 ਦੇ ਪਾਰਕ ਵਿੱਚ ਸਿੱਪੀ ਸਿੱਧੂ ਦੀ ਹੱਤਿਆ ਕੀਤੀ ਗਈ ਸੀ। ਪੁਲਸ ਨੇ ਇਸ ਬਾਰੇ 21 ਸਤੰਬਰ 2015 ਨੂੰ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਅਤੇ 22 ਜਨਵਰੀ 2016 ਨੂੰ ਇਹ ਕੇਸ ਸੀ ਬੀ ਆਈ ਨੂੰ ਦੇ ਦਿੱਤਾ ਸੀ।

# ਰਾਮਪੁਰ ਬਿਲੜੋਂ ਦੀ ਪੰਚਾਇਤੀ ਜ਼ਮੀਨ ਦੀ ਲੀਜ਼ ਸਰਕਾਰ ਵੱਲੋਂ ਰੱਦ

ਗੜ੍ਹਸ਼ੰਕਰ, 22 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਇੱਕ ਪੱਤਰ ਜਾਰੀ ਕਰ ਕੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਇਸ ਤਹਿਸੀਲ ਦੇ ਪਿੰਡ ਰਾਮਪੁਰ ਬਿਲੜੋਂ ਦੀ ਪੰਚਾਇਤ ਵੱਲੋਂ ਹਿਮਾਚਲ ਪ੍ਰਦੇਸ਼ ਦੇ ਕਰੱਸ਼ਰ ਚਾਲਕਾਂ ਨੂੰ ਪਿੰਡ ਦੇ ਜੰਗਲਾਤ ਰਕਬੇ ਵਿੱਚੋਂ ਦਿੱਤੇ ਨਾਜਾਇਜ਼ ਲਾਂਘੇ ਨੂੰ ਤੁਰੰਤ ਬੰਦ ਕਰਨ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਪਿਛਲੇ ਕਰੀਬ ਛੇ ਸੱਤ ਮਹੀਨਿਆਂ ਤੋਂ ਪਿੰਡ ਰਾਮਪੁਰ ਬਿਲੜੋਂ ਦੀ ਪੰਚਾਇਤ ਵੱਲੋਂ ਕਰੱਸ਼ਰ ਚਾਲਕਾਂ ਨੂੰ ਇਹ ਲਾਂਘਾ 33 ਸਾਲਾ ਲੀਜ਼ ਉੱਤੇ ਦਿੱਤਾ ਹੋਇਆ ਸੀ, ਜਿਸ ਰਾਹੀਂ ਹਿਮਾਚਲ ਪ੍ਰਦੇਸ਼ ਤੋਂ ਮਾਈਨਿੰਗਵਾਲੇ ਮਾਲ ਦੇ ਭਾਰੀ ਵਾਹਨ ਜੰਗਲ ਦੇ ਰਸਤੇ ਪੰਜਾਬ ਵਿੱਚ ਆਉਂਦੇ ਸਨ। ਇਸ ਨਾਲ ਸ਼ਿਵਾਲਿਕ ਪਹਾੜਾਂ ਤੇ ਜੰਗਲੀ ਵਿਰਾਸਤ ਦਾ ਵੱਡਾ ਨੁਕਸਾਨ ਹੋ ਰਿਹਾ ਸੀ। ਇਸ ਨਾਜਾਇਜ਼ ਲਾਂਘੇ ਬਾਰੇ ਅਖਬਾਰਾਂ ਵਿੱਚ ਪ੍ਰਮੁੱਖਤਾ ਨਾਲ ਖਬਰਾਂ ਛਪਦੀਆਂ ਰਹੀਆਂ ਹਨ। ਕੰਢੀ ਸੰਘਰਸ਼ ਕਮੇਟੀ ਨੇ ਵੀ ਇਸ ਨਾਜਾਇਜ਼ ਮਾਈਨਿੰਗ ਵਿਰੁੱਧ ਸੰਘਰਸ਼ ਵਿੱਢਿਆ ਸੀ।



ਬੀਤੀ 15 ਮਈ ਨੂੰ ਆਰ ਟੀ ਆਈ ਕਾਰਕੁੰਨ ਪਰਮਿੰਦਰ ਸਿੰਘ ਕਿੱਤਣਾ ਨੇ ਮਾਈਨਿੰਗ ਤੇ ਜਿਓਲੋਜੀ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੂੰ ਸ਼ਿਕਾਇਤ ਭੇਜੀ ਸੀ, ਜਿਸ ਵਿੱਚ ਪੰਚ-ਾਇਤ ਵੱਲੋਂ ਗਲਤ ਢੰਗ ਨਾਲ ਪੰਚਾਇਤੀ ਜ਼ਮੀਨ ਨੂੰ ਲੀਜ ਉੱਤੇ ਦੇ ਕੇ ਜੰਗਲੀ ਵਿਰਾਸਤ ਦੀ ਹੋ ਰਹੀ ਬਰਬਾਦੀ ਕਰਨ ਨੂੰ ਰੋਕਣ ਬਾਰੇ ਲਿਖਿਆ ਸੀ। ਵਿਭਾਗ ਵੱਲੋਂ ਆਪਣੇ ਪੱਧਰ ਉੱਤੇ ਕੀਤੀ ਪੜਤਾਲ ਦੇ ਆਧਾਰ ਉੱਤੇ ਇਸ ਰਸਤੇ ਨੂੰ ਤੁਰੰਤ ਬੰਦ ਕਰਨ ਲਈ ਸਬੰਧਤ ਵਿਭਾਗਾਂ ਨੂੰ ਲਿਖਿਆ ਗਿਆਹੈ। ਪੱਤਰ ਵਿੱਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ, ਡਿਵੀਜ਼ਨਲ ਡਿਪਟੀ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚ-ਾਇਤ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਤਹਿਸੀਲਦਾਰ ਗੜ੍ਹਸ਼ੰਕਰ, ਬੀ ਡੀ ਪੀ ਓ ਗੜ੍ਹਸ਼ੰਕਰ, ਸਰਪੰਚ ਪਿੰਡ ਰਾਮਪੁਰ ਸਣੇ ਆਰ ਐਸ ਸਟੋਨ ਕਰੱਸ਼ਰ ਚਾਲਕ ਨੂੰ ਲਿਖਿਆ ਹੈ ਕਿ ਸਬੰਧਤ ਪੰਚਾਇਤ ਵੱਲੋਂ ਪੰਚਾਇਤੀ ਜ਼ਮੀਨ ਰਕਬਾ 1875 ਮੀਟਰ ਲੰਬਾਈ ਅਤੇ ਪੰਜ ਮੀਟਰ ਚੌੜਾਈ ਦੇ ਹਿਸਾਬ ਨਾਲ ਕਰੱਸ਼ਰ ਚਾਲਕ ਨੂੰ 33 ਸਾਲ ਦੀ ਲੀਜ਼ ਉੱਤੇ ਦਿੱਤੀ ਜ਼ਮੀਨ ਦੀ ਨਾਜਾਇਜ਼ ਮਾਈਨਿੰਗ ਲਈ ਦੁਰਵਰਤੋਂ ਹੋ ਰਹੀ ਹੈ। ਇਹ ਸਮਝੌਤਾ ਤੁਰੰਤ ਰੱਦ ਕੀਤਾ ਜਾਂਦਾ ਹੈ। ਪੱਤਰ ਵਿੱਚ ਬੀ ਡੀ ਪੀ ਓ ਗੜ੍ਹਸ਼ੰਕਰ ਨੂੰ ਰਸਤਾ ਬੰਦ ਕਰਨ ਤੇ ਮਾਲ ਰਿਕਾਰਡ ਵਿੱਚ ਗਰਾਮ ਪੰਚਾਇਤ ਦੇ ਨਾਂਅ ਇੰਦਰਾਜ ਕਰਨ ਲਈ ਵੀ ਨਿਰਦੇਸ਼ ਦਿੱਤੇ ਗਏ ਹਨ।ਇਸ ਬਾਰੇ ਪਰਮਿੰਦਰ ਸਿੰਘ ਕਿੱਤਣਾ ਨੇ ਕਿਹਾ ਕਿ ਇਸ ਨਾਜਾਇਜ਼ ਲਾਂਘੇ ਨਾਲ ਹੋਏ ਸਮੁੱਚੇ ਨੁਕਸਾਨ ਦੀ ਭਰਪਾਈ ਲਈ ਮੁੱਖ ਮੰਤਰੀ ਅਤੇ ਵਿਜੀਲੈਂਸ ਬਿਊਰੋ ਨੂੰ ਵੱਖਰੀ ਸ਼ਿਕਾਇਤ ਭੇਜੀ ਗਈ ਹੈ।


# ਫੜੇ ਗਏ ਆਈ ਏ ਐਸ ਅਫਸਰ ਸੰਜੇ ਪੋਪਲੀ ਅਤੇ ਸਾਥੀ ਦਾ ਚਾਰ ਦਿਨਾ ਪੁਲਸ ਰਿਮਾਂਡ

ਐਸ ਏ ਐਸ ਨਗਰ, 22 ਜੂਨ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਨਵਾਂਸ਼ਹਿਰ ਵਿਖੇ ਸੀਵਰੇਜ ਪਾਈਪ ਲਾਈਨ ਪਾਉਣ ਦੇ ਟੈਂਡਰਾਂ ਨੂੰ ਮਨਜ਼ੂਰੀ ਦੇਣ ਲਈ ਰਿਸ਼ਵਤ ਵਜੋਂ 1 ਫ਼ੀਸਦੀ ਕਮਿਸ਼ਨ ਦੀ ਮੰਗਣ ਦੇ ਦੋਸ਼ ਵਿੱਚ ਆਈ ਏ ਐਸ ਅਧਿਕਾਰੀ ਸੰਜੇ ਪੋਪਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਦੇ ਸਾਥੀ ਸੰਦੀਪ ਵਤਸ ਨੂੰ ਵੀ ਜਲੰਧਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਤੋਂ ਬਾਅਦ ਸੰਜੇ ਪੋਪਲੀ ਤੇ ਸੰਦੀਪ ਵਤਸ ਨੂੰ ਡਿਊਟੀ ਮੈਜਿਸਟ੍ਰੇਟ ਸੋਨਾਲੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਚਾਰ ਦਿਨ ਦੇ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕਰਨਾਲ (ਹਰਿਆਣਾ) ਦੇ ਵਾਸੀ ਸੰਜੇ ਕੁਮਾਰ,ਜਿਹੜਾ ਸਰਕਾਰੀ ਠੇਕੇਦਾਰ ਹੈ, ਨੇ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਰਾਹੀਂ ਦਰਜ ਕਰਵਾਈ ਸ਼ਿਕਾਇਤ ਵਿੱਚ ਕਿਹਾ ਕਿ ਸੰਜੇ ਪੋਪਲੀ ਆਈ ਏ ਐਸ ਅਫਸਰ ਜਦੋਂ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਸਨ ਤਾਂ ਉਸ ਨੇ ਆਪਣੇ ਸਹਾਇਕ ਸੈਕਟਰੀ ਸੰਦੀਪ ਵਤਸ ਦੀ ਮਿਲੀਭਗਤ ਨਾਲ 7.30 ਕਰੋੜ ਰੁਪਏ ਦੇ ਟੈਂਡਰ ਕਲੀਅਰ ਕਰਨ ਲਈ ਰਿਸ਼ਵਤ ਮੰਗੀ ਸੀ। 12 ਜਨਵਰੀ 2022 ਨੂੰ ਸੰਦੀਪ ਵਤਸ ਦੇ ਵੱਟਸਐਪ ਤੋਂ ਉਸ ਨੂੰ ਆਈਕਾਲ ਵਿੱਚ ਸੰਜੇ ਪੋਪਲੀ ਵੱਲੋਂ ਟੈਂਡਰ ਅਲਾਟਮੈਂਟ ਲਈ ਸੱਤ ਲੱਖ ਰੁਪਏ (7 ਕਰੋੜ ਰੁਪਏ ਦੇ ਪ੍ਰਾਜੈਕਟ ਦਾ 1 ਫ਼ੀਸਦੀ) ਦੀ ਰਿਸ਼ਵਤ ਮੰਗੀ ਗਈ। ਉਸ ਨੇ ਡਰ ਕੇ ਆਪਣੇ ਪੀ ਐਨ ਬੀ ਖਾਤੇਤੋਂ 3.5 ਲੱਖ ਰੁਪਏ ਕਢਵਾ ਕੇ ਸੈਕਟਰ-20 ਚੰਡੀਗੜ੍ਹ ਵਿਖੇ ਇੱਕ ਕਾਰ ਵਿੱਚ ਸੰਦੀਪ ਵਤਸ ਨੂੰ ਦੇ ਦਿੱਤੇ। ਉਸ ਨੇ ਦੱਸਿਆ ਕਿ ਰਕਮ ਲੈਣ ਪਿੱਛੋਂ ਸੰਦੀਪ ਵਤਸ ਨੇ ਸੰਜੇ ਪੋਪਲੀ ਨੂੰ ਉਸ ਦੇ ਵੱਟਸਐਪ ਨੰਬਰ ਉੱਤੇ ਕਾਲ ਕਰਨ ਦੀ ਪੁਸ਼ਟੀ ਕੀਤੀ ਤੇ ਆਪਣੇ ਲਈ 5000 ਰੁਪਏ ਲਏ। ਸ਼ਿਕਾਇਤਕਰਤਾ ਨੇ ਸਾਰੀ ਗੱਲਬਾਤ ਦੀ ਵੀਡੀਓ ਰਿਕ-ਾਰਡਿੰਗ ਬਣਾ ਕੇ ਵਿਜੀਲੈਂਸ ਬਿਊਰੋ ਨੂੰ ਦੇ ਦਿੱਤੀ। ਉਧਰ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸੰਜੇ ਕੁਮਾਰ ਦੇ ਬਿਆਨਾਂ ਦੇ ਨਾਲ ਉਸ ਵੱਲੋਂ ਪੇਸ਼ ਕੀਤੇ ਵੀਡੀਓ ਸਬੂਤਾਂ ਦੇ ਆਧਾਰ ਉੱਤੇ ਆਈ ਏ ਐਸ ਸੰਜੇ ਪੋਪਲੀ ਅਤੇ ਸੰਦੀਪ ਵਸਤ ਵਿਰੁੱਧ ਟੈਂਡਰ ਅਲਾਟ ਕਰਨ ਬਦਲੇ 1 ਫ਼ੀਸਦੀ ਰਿਸ਼ਵਤ ਮੰਗਣ ਤੇ 3.50 ਲੱਖ ਰੁਪਏ ਪ੍ਰਾਪਤ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ।


# ਰੇਲ ਇੰਜਣ ਦੇ ਅੱਗੇ ਛਾਲ ਮਾਰ ਕੇ ਖ਼ੁਦਕੁਸ਼ੀ

ਜਲੰਧਰ, 22 ਜੂਨ (ਪੋਸਟ ਬਿਊਰੋ)- ਕੱਲ੍ਹ ਸਵੇਰੇ ਸਥਾਨਕ ਸੋਢਲ ਰੇਲਵੇ ਫਾਟਕ ਤੋਂ ਥੋੜੀ ਦੂਰ ਇੱਕ ਕਰੀਬ 50 ਸਾਲਾ ਵਿਅਕਤੀ ਨੇ ਰੇਲ ਇੰਜਣ ਦੇ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਲੋਕਾਂ ਮੁਤਾਬਕ ਉਕਤ ਵਿਅਕਤੀ ਰੇਲ ਲਾਈਨਾਂ ਦੇ ਕਿਨਾਰੇ ਆਪਣੀ ਐਕਟਿਵਾ ਖੜ੍ਹੀ ਕਰਕੇ ਇਧਰ-ਉਧਰ ਘੁੰਮ ਰਿਹਾ ਸੀ। ਅੰਮ੍ਰਿਤਸਰ ਤੋਂ ਆਏ ਇੰਜਣ ਦੇ ਆਉਂਦੇ ਹੀ ਉਸ ਨੇ ਛਾਲ ਮਾਰ ਕੇ



ਖੁਦਕੁਸ਼ੀ ਕਰ ਲਈ।

ਮ੍ਰਿਤਕ ਦੀ ਪਛਾਣ ਅਮਿਤ ਡੋਗਰਾ (50) ਪੁੱਤਰ ਪ੍ਰਾਣਨਾਥ ਡੋਗਰਾ ਵਾਸੀ ਗਰੇਟਰ ਕੈਲਾਸ ਵਜੋਂ ਹੋਈ ਹੈ। ਉਹ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਉਸ ਦੇ ਦੋ ਬੱਚੇ ਹਨ। ਜਾਂਚ ਅਧਿਕਾਰੀ ਦੇ ਮੁਤਾਬਕ ਤਿੰਨੇ ਭਰਾਂ ਅੰਨਪੂਰਣਾ ਨਾਮੀ ਹੋਟਲ ਚਲਾਉਂਦੇ ਸਨ, ਪਰ ਲਾਕਡਾਊਨ ਦੇ ਦੌਰਾਨ ਕੰਮ ਬੰਦ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਨੁਕਸਾਨ ਹੋਇਆ ਸੀ, ਜਿਸ ਕਾਰਨ ਅਮਿਤ ਮਾਨਸਿਕ ਪਰੇਸ਼ਾਨੀ ਵਿੱਚ ਸੀ।ਕੱਲ੍ਹ ਸਵੇਰੇ ਉਹ ਬਿਨ੍ਹਾਂ ਦੱਸੇ ਘਰੋਂ ਐਕਟਿਵਾ ਲੈ ਕੇ ਨਿਕਲਿਆ ਅਤੇ ਰੇਲ ਲਾਈਨਾਂ ਉੱਤੇ ਖ਼ੁਦਕੁਸ਼ੀ ਕਰ ਲਈ। ਪੁਲਸ ਦੇ ਮੁਤਾਬਕ ਮ੍ਰਿਤਕ ਕੋਲ ਮੋਬਾਈਲ ਫੋਨ ਸੀ ਜੋ ਹਾਦਸੇ ਦੌਰਾਨ ਟੁੱਟ ਗਿਆ। ਉਸਦੀ ਸਿਮ ਕੱਢ ਕੇ ਦੂਸਰੇ ਫ਼ੋਨ ਵਿੱਚ ਪਾ ਕੇ ਉਸ ਵਿੱਚ ਸੇਵ ਨੰਬਰ ਉੱਤੇ ਫੋਨ ਕਰਕੇ ਪਰਵਾਰ ਮੈਂਬਰਾਂ ਨੂੰ ਘਟਨਾ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਉਸ ਦੀ ਪਛਾਣ ਹੋ ਸਕੀ।




# ਅਕਾਲੀ-ਭਾਜਪਾ ਸਰਕਾਰ ਵੇਲੇ ਅੱਠ ਸੌ ਕਰੋੜ ਦੀ ਪੰਚਾਇਤੀ ਜ਼ਮੀਨ ਦੀ ਮਾਲਕੀ ਤਬਦੀਲ

*** ਪੰਚਾਇਤ ਵਿਭਾਗ ਵੱਲੋਂ ਰਿਕਾਰਡ ਦੀ ਪੜਤਾਲ ਮਗਰੋਂ ਖੁਲਾਸਾ**

ਚੰਡੀਗੜ੍ਹ, 22 ਜੂਨ (ਪੋਸਟ ਬਿਊਰੋ)- ਬਠਿੰਡਾ ਜ਼ਿਲ੍ਹੇ ਦੇ ਅੱਧੀ ਦਰਜਨ ਪਿੰਡਾਂ ਦੀ ਕਰੀਬ ਅੱਠ ਸੌ ਕਰੋੜ ਰੁਪਏ ਦੇ ਕਰੀਬ ਮੁੱਲ ਵਾਲੀ ਪੰਚਾਇਤੀ ਜ਼ਮੀਨ ਪ੍ਰਾਈਵੇਟ ਲੋਕਾਂ ਨੂੰ ਸੌਂਪ ਦਾ ਮੁੱਦਾ ਉੱਠਿਆ ਹੈ। ਪੰਚਾਇਤੀ ਜ਼ਮੀਨ ਦੀ ਮਾਲਕੀ ਬਿਨਾਂ ਯੋਗ ਪ੍ਰਕਿਰਿਆ ਤੋਂ ਤਬਦੀਲ ਕੀਤੇ ਜਾਣ ਕਾਰਨ ਕਈ ਉਚ ਅਧਿਕਾਰੀ ਫਸ ਸਕਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਦੀ ਘੋਖ ਮਗਰੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਬਠਿੰਡੇਜ਼ਿਲੇ ਦੇ ਛੇ ਪਿੰਡਾਂ ਦੇ ਪੰਚਾਇਤੀ ਰਕਬੇ ਦੀ ਮਾਲਕੀ ਪ੍ਰਾਈਵੇਟ ਲੋਕਾਂ ਦੇ ਨਾਂਅ ਕਰਨ ਦਾ ਫੈਸਲਾ ਕੀਤਾਅਤੇ ਛੇ ਪਿੰਡਾਂ ਦੀ 3701 ਏਕੜ ਪੰਚਾਇਤੀ ਜ਼ਮੀਨ ਦੀ ਮਾਲਕੀ ਪ੍ਰਾਈਵੇਟ ਲੋਕਾਂ ਦੇ ਨਾਂਅ ਕੀਤੀਸੀ, ਜਿਨ੍ਹਾਂ ਵਿੱਚ ਪਿੰਡ ਜੀਦਾ



ਦੇ 155 ਏਕੜ, ਖੇਮੂਆਣਾ ਦੇ 119 ਏਕੜ, ਜੰਡਾਵਾਲਾ ਦੇ 1475 ਏਕੜ, ਗੋਨਿਆਣਾ ਖੁਰਦ ਦੇ 274 ਏਕੜ, ਹਰਰਾਏਪੁਰ ਦੇ 923 ਏਕੜ ਅਤੇ ਵਿਰਕ ਕਲਾਂ ਦੇ 755 ਏਕੜ ਸ਼ਾਮਲ ਸਨ। ਇਸ ਰਕਬੇ ਦੀ ਮੌਜੂਦਾ ਕੀਮਤ ਲਗਭਗ ਅੱਠ ਸੌ ਕਰੋੜ ਰੁਪਏ ਬਣਦੀ ਹੈ।ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਰਿਕਾਰਡ ਵੇਖਿਆ ਤਾਂ ਭੇਦ ਖੁੱਲ੍ਹਾ ਕਿ ਮਾਲ ਵਿਭਾਗ ਨੇ ਸਿਰਫ ਕੈਬਨਿਟ ਦੇ ਫੈਸਲੇ ਦੇ ਆਧਾਰ ਉੱਤੇ ਬਿਨਾਂ ਕੁਲੈਕਟਰ ਦੇ ਹੁਕਮਾਂ ਤੋਂ ਪਿੰਡ ਗੋਨਿਆਣਾ ਖੁਰਦ ਦੀ 274 ਏਕੜ, ਵਿਰਕ ਕਲਾਂ ਦੀ 755 ਏਕੜ ਤੇ ਹਰਰਾਏਪੁਰ ਦੀ 923 ਏਕੜ ਜ਼ਮੀਨ ਦੇ ਮਾਲਕ ਪ੍ਰਾਈਵੇਟ ਲੋਕਾਂ ਨੂੰ ਬਣਾ ਦਿੱਤਾ ਹੈ। ਨਿਯਮਾਂ ਅਨੁਸਾਰ ਇਹ ਫੈਸਲਾ ਕੁਲੈਕਟਰ ਨੇ ਪਟੀਸ਼ਨਾਂ ਦਾਇਰ ਹੋ ਜਾਣ ਦੇ ਬਾਅਦਲੈਣਾ ਸੀ। ਸਾਲ 2017 ਵਿਚ ਪਿੰਡ ਜੀਦਾ, ਖੇਮੂਆਣਾ ਅਤੇ ਜੰਡਾਵਾਲਾ ਦੇ ਰਕਬੇ ਬਾਰੇ ਫੈਸਲਾ ਜੋ ਪ੍ਰਾਈਵੇਟ ਮਾਲਕਾਂ ਦੇ ਹੱਕ ਵਿੱਚ ਕੁਲੈਕਟਰ ਨੇ ਸੁਣਾਇਆ, ਉਸ ਵਿੱਚੋਂ ਮਹਿਕਮੇ ਦੇ ਹੱਥ ਕਾਫੀ ਕੁਝ ਲੱਗਾ ਹੈ। ਇਨ੍ਹਾਂ ਬਾਰੇ ਨਾ ਕਿਸੇ ਨੇ ਪਟੀਸ਼ਨ ਪਾਈ ਅਤੇ ਨਾ ਗਰਾਮ ਪੰਚਾਇਤ ਨੇ ਜੁਆਬ ਦਾਇਰ ਕੀਤਾ ਸੀ। ਰਿਕਾਰਡ ਉੱਤੇ ਕੋਈ ਬਹਿਸ ਵੀ ਦਰਜ ਨਹੀਂ ਹੈ। ਇਨ੍ਹਾਂ ਵਿੱਚੋਂ ਕਿਸੇ ਕੇਸ ਵਿੱਚ ਕੁਲੈਕਟਰ ਨੇ ਕੋਈ ਮੁੱਦਾ ਵੀ ਫਰੇਮ ਨਹੀਂ ਕੀਤਾ, ਜਿਹੜਾ ਕੀਤਾ ਜਾਣਾ ਲਾਜ਼ਮੀ ਸੀ।

ਤਾਜ਼ਾ ਜਾਂਚ ਵਿੱਚ ਮਹਿਕਮੇ ਨੂੰ ਪਤਾ ਲੱਗਾ ਹੈ ਕਿ ਇਨ੍ਹਾਂ ਫੈਸਲਿਆਂ ਵਿੱਚ ਕੁਲੈਕਟਰ ਨੇ ਇਹ ਨੁਕਤਾ ਕਿਤੇ ਨਹੀਂ ਕਿਹਾ ਕਿ ਝਗੜੇ ਵਾਲੀ ਜ਼ਮੀਨ ਦੀ ਵੰਡ 26 ਜਨਵਰੀ 1950 ਤੋਂ ਪਹਿਲਾਂ ਹੋਈ ਹੈ। ਇਨ੍ਹਾਂ ਫੈਸਲਿਆਂ ਸਮੇਂ ਮੁਰੱਬੇਬੰਦੀ ਦੀ ਸਕੀਮ ਤੋਂ ਇਲਾਵਾ ਹੋਰ ਜ਼ਰੂਰੀ ਨਕਸ਼ੇ ਵੀ ਨਹੀਂ ਦੇਖੇ। ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਨੇ 2017 ਵਿੱਚ ਏ ਡੀ ਸੀ (ਵਿਕਾਸ) ਦੀ ਅਗਵਾਈ ਹੇਠ ਇੱਕ ਕਮੇਟੀ ਬਣਾਈ ਸੀ, ਜਿਸ ਨੇ ਜਾਂਚ ਰਿਪੋਰਟ ਵਿੱਚ ਕਿਹਾ ਕਿ ਹਰਰਾਏਪੁਰ, ਵਿਰਕ ਕਲਾਂ ਅਤੇ ਗੋਨਿਆਣਾ ਖੁਰਦ ਦੇ ਮਨਜ਼ੂਰ ਹੋਏ ਇੰਤਕਾਲ ਸਹੀ ਵਿਧੀ ਨਾਲ ਨਹੀਂ ਹੋਏ ਅਤੇ ਇਹ ਸਾਰੇ ਰੀਵਿਊ ਕਰਨੇ ਬਣਦੇ ਹਨ।ਨਵੀਂ ਸਰਕਾਰ ਹੇਠ ਵਿਭਾਗ ਨੇ ਇਸ ਦੀ ਪੈਰਵੀ ਦਾ ਫੈਸਲਾ ਕੀਤਾ ਹੈ ਅਤੇ ਪਿੰਡ ਜੀਦਾ, ਖੇਮੂਆਣਾ ਅਤੇ ਜੰਡਾਵਾਲਾ ਦੇ 1749 ਏਕੜ ਰਕਬੇ ਬਾਰੇ ਪਟੀਸ਼ਨਾਂ ਡੀ ਸੀ ਦੀ ਅਦਾਲਤ ਵਿੱਚ ਪਹਿਲਾਂ ਦਾਇਰ ਹੋਣੀਆਂ ਹਨ ਤੇ ਬਾਕੀ ਪਿੰਡਾਂ ਗੋਨਿਆਣਾ ਖੁਰਦ, ਵਿਰਕ ਕਲਾਂ ਅਤੇ ਹਰਰਾਏਪੁਰ ਦੀ 1952 ਏਕੜ ਜ਼ਮੀਨ ਦਾ ਇੰਤਕਾਲ ਰੱਦ ਕਰ ਕੇ ਮੁੜ ਗਰਾਮ ਪੰਚਾਇਤਾਂ ਦੇ ਨਾਂਅ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਣੀ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਇਨ੍ਹਾਂ ਛੇ ਪਿੰਡਾਂ ਦੀ ਪੰਚਾਇਤੀ ਸ਼ਾਮਲਾਟ ਦੀ ਮਾਲਕੀ ਤਬਦੀਲ ਕਰਨ ਨੂੰ ਕਾਨੂੰਨੀ ਨਜ਼ਰੀਏ ਤੋਂ ਘੋਖ ਰਹੇ ਹਨ ਅਤੇ ਇਸ ਵਿੱਚ ਜੋ ਕੁਝ ਵੀ ਗਲਤ ਮਿਲਿਆ, ਉਸ ਦੇ ਖਿਲਾਫ ਮਹਿਕਮੇ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇਗੀ।

# ਪਨਗਰੇਨ ਦੇ ਪਾਤੜਾਂ ਵਾਲੇ ਗੁਦਾਮ ਵਿੱਚ ਕਰੋੜਾਂ ਦੇ ਕਣਕ ਘੁਟਾਲੇ ਦਾ ਪਰਦਾਫਾਸ਼

*** ਤਿੰਨ ਇੰਸਪੈਕਟਰਾਂ ਸਮੇਤ ਚਾਰ ਜਣਿਆਂ ਉੱਤੇ ਕੇਸ ਦਰਜ**



ਪਾਤੜਾਂ, 22 ਜੂਨ (ਪੋਸਟ ਬਿਊਰੋ)- ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚੋਂ ਕਣਕ ਦੀ ਖ਼ਰੀਦ ਕਰਦੀ ਸਰਕਾਰੀ ਏਜੰਸੀ ਪਨਗਰੇਨ ਵੱਲੋਂ ਮੰਡੀਆਂ ਤੋਂ ਖਰੀਦ ਕਰਕੇ ਵੱਖ-ਵੱਖ ਗੁਦਾਮਾਂ ਵਿੱਚ ਭੰਡਾਰ ਕੀਤੀ ਕਣਕ ਵਿੱਚ ਕਰੋੜਾਂ ਦੇ ਘਪਲੇ ਦੀ ਚਰਚਾ ਨੂੰ ਮੀਡੀਆ ਵੱਲੋਂ ਪ੍ਰਮੁੱਖਤਾ ਨਾਲ ਪੇਸ਼ ਕਰਨਦੇ ਬਾਅਦ ਫੂਡ ਸਪਲਾਈ ਵਿਭਾਗ ਦੀ ਵਿਜੀਲੈਂਸ ਟੀਮ ਨੇ ਇਨ੍ਹਾਂ ਗੁਦਾਮਾਂ ਦੀ ਜਾਂਚ ਵਿੱਚ ਕਰੋੜਾਂ ਰੁਪਏ ਦੇ 40 ਹਜ਼ਾਰ ਦੇ ਕਰੀਬ ਕਣਕ ਦੇ ਥੈਲੇ ਘੱਟ ਹੋਣ ਉੱਤੇ ਚਾਰ ਅਧਿਕਾਰੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਘੁਟਾਲੇ ਦੇ ਦੋਸ਼ੀ, ਜਿਨ੍ਹਾਂ ਵਿੱਚੋਂ ਬਹੁਤੇ ਰਾਜਨੀਤਕ ਪਹੁੰਚ ਰੱਖਦੇ ਆੜ੍ਹਤੀਏ ਦੱਸੇ ਜਾਂਦੇ ਹਨ, ਕੇਸ ਦਰਜ ਹੋਣ ਮਗਰੋਂ ਫ਼ਰਾਰ ਦੱਸੇ ਜਾਂਦੇ ਹਨ।

ਥਾਣਾ ਪਾਤੜਾਂ ਦੇ ਮੁਖੀ ਨੇ ਦੱਸਿਆ ਕਿ ਪਨਗਰੇਨ ਦੇਚੀਫ ਵਿਜੀਲੈਂਸ ਕਮਿਸ਼ਨਰ ਕਮ ਸਹਾਇਕ ਡਾਇਰੈਕਟਰ ਫੂਡ ਸਪਲਾਈ ਵਿਭਾਗ (ਸੈਂਟਰਲ ਵਿਜੀਲੈਂਸ ਕਮੇਟੀ) ਦੀ ਅਗਵਾਈ ਵਿੱਚਜਾਂਚ ਟੀਮ ਨੇ ਦੋ ਦਿਨ ਪਾਤੜਾਂ ਅਤੇ ਘੱਗਾ ਵਿਖੇ ਪਨਗਰੇਨ ਦੇ ਵੱਖ-ਵੱਖ 12 ਗੁਦਾਮਾਂ ਵਿੱਚ ਜਾਂਚ ਕੀਤੀ ਤਾਂ ਇਸ ਵਿੱਚ ਕਰੀਬ 37,200 ਕਣਕ ਦੇ ਗੱਟੇ ਤੇ ਖਾਲੀ ਬਾਰਦਾਨੇ ਦੀਆਂ ਗੱਠਾਂ ਦੀ ਘਾਟ ਨਿਕਲੀ। ਵਿਜੀਲੈਂਸ ਜਾਂਚ ਅਨੁਸਾਰ ਪਾਤੜਾਂ ਇਲਾਕੇ ਵਿੱਚ ਪਨਗਰੇਨ ਖ਼ਰੀਦ ਏਜੰਸੀ ਦੇ ਵੱਖ-ਵੱਖ ਗੁਦਾਮਾਂ ਵਿੱਚ ਰੱਖੀ ਕਣਕ ਦੇ 18621 ਅਤੇ ਘੱਗਾ ਇਲਾਕੇ ਦੇ ਗੁਦਾਮਾਂ ਵਿੱਚਰੱਖੀ ਕਣਕ ਦੇ 18583 ਗੱਟੇ ਘੱਟ ਨਿਕਲੇ। ਏਦਾਂ ਹੀ ਖਾਲੀ ਬਾਰਦਾਨੇ ਦੀਆਂ 590 ਗੱਠਾਂ ਵੀ ਘੱਟ ਹਨ। ਵਿਭਾਗ ਦੀ ਟੀਮ ਨੇ ਇਸ ਦੇ ਜ਼ਿੰਮੇਵਾਰ ਸਹਾਇਕ ਫੂਡ ਸਪਲਾਈ ਅਫਸਰ ਪਾਤੜਾਂ ਮਨਜੀਤ ਸਿੰਘ, ਮਨੋਜ ਮਿੱਤਲ ਇੰਸਪੈਕਟਰ ਕੇਂਦਰ ਪਾਤੜਾਂ, ਇੰਸਪੈਕਟਰ ਹਰਸ਼ ਸਿੰਗਲਾ ਅਤੇ ਤਲਵਿੰਦਰ ਸਿੰਘ ਬੇਦੀ ਵਿਰੁੱਧ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਟੈਕਸ ਜਮ੍ਹਾਂ ਨਾ ਕਰਾਉਣ ’ਤੇ ਤਿੰਨ ਜਾਇਦਾਦਾਂ ਸੀਲ




*** ਸ਼ਾਮ ਨੂੰ 1.50 ਲੱਖ ਰੁਪਏ ਜਮ੍ਹਾਂ ਕਰਵਾਏ ਤਾਂ ਸੀਲ ਖੁੱਲ੍ਹੀ**

ਜਲੰਧਰ, 22 ਜੂਨ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨਗਰ ਨਿਗਮ ਨੇ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਨ ਉੱਤੇ ਕੱਲ੍ਹ ਸਵੇਰੇ ਤਿੰਨ ਕਮਰਸ਼ਲ ਪ੍ਰਾਪਰਟੀਆਂ ਸੀਲ ਕਰ ਦਿੱਤੀਆਂ। ਸ਼ਾਮ ਨੂੰ ਤਿੰਨਾਂ ਪ੍ਰਾਪਰਟੀ ਮਾਲਕਾਂ ਨੇ ਕਰੀਬ ਡੇਢ ਲੱਖ ਰੁਪਏ ਟੈਕਸ ਜਮ੍ਹਾਂ ਕਰਾਇਆ ਤਾਂ ਨਿਗਮ ਨੇ ਸੀਲ ਖੋਲ੍ਹ ਦਿੱਤੀ। ਨਿਗਮ ਨੇ ਉਨ੍ਹਾਂ ਪ੍ਰਾਪਰਟੀ ਮਾਲਕਾਂ ਨੂੰ ਦੋ ਵਾਰ ਨੋਟਿਸ ਜਾਰੀ ਕੀਤੇ, ਪਰ ਟੈਕਸ ਜਮ੍ਹਾਂ ਨਹੀਂ ਕਰਵਾਇਆ ਗਿਆ। ਫਿਰ ਨਿਗਮ ਨੇ ਕਾਰਵਾਈ ਕਰ ਦਿੱਤੀ। ਇਸ ਬਾਰੇ ਟੈਕਸ ਸੁਪਰਡੈਂਟ ਭੁਪਿੰਦਰ ਸਿੰਘ ਨੇ ਦੱਸਿਆ ਕਿ ਸ਼ਾਮ ਨੂੰ ਪ੍ਰਾਪਰਟੀ ਮਾਲਕਾਂ ਨੇ ਟੈਕਸ ਜਮ੍ਹਾਂ ਕਰਾ ਦਿੱਤਾ ਤਾਂ ਸੀਲ ਖੋਲ੍ਹ ਦਿੱਤੀ ਹੈ। ਵਰਨਣ ਯੋਗ ਹੈ ਕਿ ਨਿਗਮ ਦੀ ਟੀਮ ਰੈਵੇਨਿਊ ਵਧਾਉਣ ਲਈ ਲਗਾਤਾਰ ਕਾਰਵਾਈ ਕਰ ਰਹੀ ਹੈ, ਜਿਨ੍ਹਾਂ ਡਿਫਾਲਟਰਾਂ ਵੱਲ ਨਿਗਮ ਦੇ ਪੈਸੇ ਖੜ੍ਹੇ ਹਨ, ਉਨ੍ਹਾਂ ਦੀ ਬਿਲਡਿੰਗ ਸੀਲ ਕੀਤੀ ਜਾ ਰਹੀ ਹੈ ਅਤੇ ਅਦਾਇਗੀ ਕਰਨ ਦੇ ਬਾਅਦ ਹੀ ਸੀਲ ਖੋਲ੍ਹੀ ਜਾ ਰਹੀ ਹੈ।

# ਅਗਨੀਪਥ ਸਕੀਮ ਬਾਰੇ ਪਟੀਸ਼ਨ ਸੂਚੀਬੱਧ ਕਰਨ ਦਾ ਫੈਸਲਾ ਭਾਰਤ ਦੇ ਚੀਫ ਜਸਟਿਸ ਕਰਨਗੇ



ਨਵੀਂ ਦਿੱਲੀ, 22 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇੱਥੇ ਕਿਹਾ ਕਿ ਅਗਨੀਪਥ ਯੋਜਨਾ ਦੇ ਖਿਲਾਫ ਹੋਏ ਹਿੰਸਕ ਪ੍ਰਦਰਸ਼ਨਾਂ ਮੌਕੇ ਸਰਕਾਰੀ ਜਾਇਦਾਦ ਦੇ ਨੁਕਸਾਨ ਬਾਰੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਤੋਂ ਪੜਤਾਲ ਕਰਵਾਉਣ ਦੀ ਮੰਗਦੀ ਪਟੀਸ਼ਨ ਨੂੰ ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਵੱਲੋਂ ਕੋਈ ਫੈਸਲਾ ਲਏ ਜਾਣ ਮਗਰੋਂ ਹੀ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ, ਇਸ ਲਈ ਉਡੀਕ ਕਰਨੀ ਪਵੇਗੀ।

ਵਰਨਣ ਯੋਗ ਹੈ ਕਿ ਇੱਕ ਐਡਵੋਕੇਟ ਨੇ ਜਸਟਿਸ ਸੀ ਟੀ ਰਵੀਕੁਮਾਰ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਵੋਕੇਸ਼ਨ ਬੈਂਚ ਅੱਗੇ ਪੇਸ਼ ਹੋ ਕੇ ਪਟੀਸ਼ਨ ਉੱਤੇ ਫੌਰੀ ਸੁਣਵਾਈ ਦੀ ਮੰਗ ਕੀਤੀ ਸੀ। ਬੈਂਚ ਨੇ ਛੁੱਟੀਆਂ ਦੌਰਾਨ ਕੇਸਾਂ ਨੂੰ ਸੂਚੀਬੱਧ ਕਰਨ ਦੇ ਪੁਰਾਣੇ ਦਸਤੂਰ ਮੁਤਾਬ ਕਿਹਾ, ‘‘ਇਹ ਮਸਲਾ ਭਾਰਤ ਦੇ ਚੀਫ ਜਸਟਿਸ ਅੱਗੇ ਰੱਖਿਆ ਜਾਵੇਗਾ। ਉਹੀ ਇਸ ਦਾ ਫੈਸਲਾ ਲੈਣਗੇ। ਦਾਇਰ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਕੇਂਦਰ, ਯੂ ਪੀ, ਤੇਲੰਗਾਨਾ, ਬਿਹਾਰ, ਹਰਿਆਣਾ ਤੇ ਰਾਜਸਥਾਨ ਸਰਕਾਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਹਿੰਸਕ ਪ੍ਰਦਰਸ਼ਨਾਂ ਬਾਰੇ ਸਥਿਤੀ ਰਿਪੋਰਟ ਪੇਸ਼ ਕਰਨ।ਕੇਂਦਰ ਸਰਕਾਰ ਨੇ ਵੀ ਕੱਲ੍ਹ ਸੁਪਰੀਮ ਕੋਰਟ ਵਿੱਚ ਕੈਵੀਏਟ ਦਾਖਲ ਕਰ ਕੇ ਅਗਨੀਪਥ ਸਕੀਮ ਦੇ ਖਿਲਾਫ ਦਾਖਲ ਪਟੀਸ਼ਨਾਂ ਉੱਤੇ ਕੋਈ ਫੈਸਲਾ ਸੁਣਾਉਣ ਤੋਂ ਪਹਿਲਾਂ ਉਸ ਦਾ ਪੱਖ ਸੁਣੇ ਜਾਣ ਦੀ ਅਪੀਲ ਕੀਤੀ ਹੈ। ਇਸ ਮੌਕੇ ਹਰਸ਼ ਅਜੈ ਸਿੰਘ ਨਾਂਅ ਦੇ ਵਕੀਲ ਨੇ ਕੱਲ੍ਹ ਸੁਪਰੀਮ ਕੋਰਟ ਵਿੱਚ ਨਵੀਂ ਪਟੀਸ਼ਨ ਦਾਖਲ ਕਰ ਕੇ ਕੇਂਦਰ ਸਰਕਾਰ ਨੂੰ ਅਗਨੀਪੱਥ ਸਕੀਮ ਉੱਤੇ ਮੁੜ ਵਿਚਾਰ ਕੀਤੇ ਜਾਣ ਦੀ ਹਦਾਇਤਜਾਰੀ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨਰ ਦਾ ਦਾਅਵਾ ਹੈ ਕਿ ਇਹ ‘ਕੱਚੇ ਪੱਕੇ ਸੁਝਾਅ' ਹਨ, ਜਿਸ ਨਾਲ ਹੋਰ ਕਈ ਮੁਸ਼ਕਲਾਂ ਜੁੜੀਆਂ ਹਨ। ਇਸ ਤੋਂ ਪਹਿਲਾਂ ਵੀ ਸੁਪਰੀਮ ਕੋਰਟ ਵਿੱਚ ਇਸੇ ਮਸਲੇ ਨਾਲ ਜੁੜੀਆਂ ਦੋ ਪਟੀਸ਼ਨਾਂ ਦਾਖਲ ਕੀਤੀਆਂ ਜਾ ਚੁੱਕੀਆਂ ਹਨ।

# ਸਿੱਖ ਕਤਲੇਆਮ ਕੇਸ ਵਿਚ ਐਸ ਆਈਟੀ ਵੱਲੋਂ ਘਾਟਮਪੁਰ ਵਿੱਚ ਫਿਰ ਛਾਪੇਮਾਰੀ, ਦੋ ਗ੍ਰਿਫਤਾਰ

ਕਾਨਪੁਰ, 22 ਜੂਨ (ਪੋਸਟ ਬਿਊਰੋ)- ਸਾਲ1984 ਵਿੱਚ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਹੋਣ ਪਿੱਛੋਂ ਸਿੱਖਾਂ ਦੇ ਕਤਲੇਆਮ ਦੇ ਮਾਮਲੇ ਵਿੱਚ ਬਣੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਬੀਤੇ ਦਿਨੀ ਮੁੜ ਘਾਟਮਪੁਰ ਵਿੱਚ ਛਾਪੇਮਾਰੀ ਕਰ ਕੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਐਸ ਆਈ ਟੀ ਨੇ ਜਿਨ੍ਹਾਂ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਉਨ੍ਹਾਂ ਵਿੱਚੋਂ ਇੱਕ ਖਤਰਨਾਕ ਅਪਰਾਧੀ ਹੈ। ਉਸ ਉੱਤੇ ਡਕੈਤੀ ਤੇ ਲੁੱਟ ਦੀਆਂ ਧਾਰਾਵਾਂ ਸਮੇਤ ਵੱਖ-ਵੱਖ ਤਰ੍ਹਾਂ ਦੇ 10 ਤੋਂ ਵੱਧਕੇਸ ਦਰਜ ਹਨ ਅਤੇ ਉਸ ਬਾਰੇ ਅਗਲੀ ਜਾਂਚ ਜਾਰੀ ਹੈ।



ਵਰਨਣ ਯੋਗ ਹੈ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾਕਤਲ-ਹੋਣ ਪਿੱਛੋਂ ਕਾਨਪੁਰ ਵਿੱਚ ਹਿੰਸਕ ਭੀੜ ਨੇ 127 ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ, ਜਿਸ ਦੇਚਾਲੀ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚੋਂ 29 ਵਿੱਚ ਫਾਈਨਲ ਰਿਪੋਰਟ ਲੱਗ ਗਈ ਸੀ ਜਦ ਕਿ 11 ਕੇਸਾਂ ਵਿੱਚ ਚਾਰਜਸ਼ੀਟ ਅਦਾਲਤ ਵਿੱਚ ਦਾਖਲ ਕੀਤੀ ਗਈ ਸੀ। ਉੱਤਰ ਪ੍ਰਦੇਸ਼ ਦੀ ਯੋਗੀ ਆਦਿਤਿਆਨਾਥ ਸਰਕਾਰ ਨੇ ਮਈ 2019 ਨੂੰ ਫਾਈਨਲ ਰਿਪੋਰਟ ਲੱਗੇ ਕੇਸਾਂ ਦੀ ਮੁੜ ਜਾਂਚ ਲਈ ਐਸ ਆਈ ਟੀ ਬਣਾਈ ਸੀ। ਇਹ ਐਸ ਆਈ ਟੀ ਫਾਈਨਲ ਰਿਪੋਰਟ ਲੱਗੇ 29 ਕੇਸਾਂ ਵਿਚੋਂ 20 ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਵਿੱਚ ਸਿਰਫ 14 ਕੇਸਾਂ ਨੂੰ ਜਾਂਚ ਯੋਗ ਮੰਨਿਆ ਗਿਆ ਹੈ। ਬੀਤੇ ਦਿਨੀਂ ਐਸ ਆਈ ਟੀ ਨੇ ਨਿਰ-ਾਲਾਨਗਰ ਹੱਤਿਆ ਕਾਂਡ ਨਾਲ ਜੁੜੇ ਚਾਰ ਜਣੇ ਘਾਟਮਪੁਰ ਤੋਂ ਗ੍ਰਿਫਤਾਰ ਕੀਤੇ ਸਨ। ਨਿਰਾਲਾਨ-ਗਰ ਵਿੱਚ ਇੱਕ ਦੰਗਾਕਾਰੀ ਸਣੇ ਪੰਜ ਲੋਕ ਮਾਰੇ ਗਏ ਸਨ। ਇਸ ਕਾਂਡ ਵਿੱਚ ਸਾਬਕਾ ਰਾਜ ਮੰਤਰੀ ਸ਼ਿਵਨਾਥ ਸਿੰਘ ਕੁਸ਼ਵਾਹਾ ਦੇ ਭਤੀਜੇ ਰਾਘਵੇਂਦਰ ਸਿੰਘ ਕੁਸ਼ਵਾਹਾ ਦਾ ਨਾਂਅ ਆਇਆ ਹੈ। ਐਸ ਆਈ ਟੀ ਦੀ ਕਾਰਵਾਈ ਸ਼ੁਰੂ ਹੋਣ ਤੋਂ ਹੀ ਰਾਘਵੇਂਦਰ ਸਿੰਘ ਫਰਾਰ ਹੈ ਤੇ ਉਸ ਨੇ ਅਦਾਲਤ ਵਿੱਚ ਆਤਮ ਸਮਰਪਣ ਕਰਨ ਲਈ ਅਰਜ਼ੀ ਦਾਇਰ ਕੀਤੀ ਹੋਈ ਹੈ।

ਡੀ ਆਈ ਜੀ ਬਾਲੇਂਦੂ ਭੂਸ਼ਣ ਨੇ ਦੱਸਿਆ ਕਿ ਪੁਲਸ ਨੇ ਘਾਟਮਪੁਰ ਦੇ ਰਾਮਸਾਰੀ ਦੇ ਭੂਰਾ ਉਰਫ ਅਮਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਵਿਰੁੱਧ ਡਕੈਤੀ, ਲੁੱਟ ਤੇ ਹੋਰ ਗੰਭੀਰ ਧਾਰਾਵਾਂ ਵਿੱਚ 10 ਤੋਂ ਵੱਧਕੇਸ ਹਨ। ਅਮਰ ਸਿੰਘ ਘਾਟਮਪੁਰ ਦਾ ਹਿਸਟਰੀ ਸ਼ੀਟਰ ਬਦਮਾਸ਼ ਤੇ ਖਤਰਨਾਕ ਨੰਨ੍ਹੇ ਸਿੰਘ ਗਿਰੋਹ ਦਾ ਮੈਂਬਰ ਹੈ। ਅਜਿਹੇ ਵਿੱਚ ਸੰਭਾਵਨਾ ਹੈ ਕਿ ਘਾਟਮਪੁਰ ਤੋਂ ਸੱਠ ਦੰਗਾਕਾਰੀਆਂ ਨਾਲ ਭਰੀ ਜੋ ਬੱਸ ਕਾਨਪੁਰ ਗਈ, ਉਸ ਵਿੱਚ ਡਕੈਤ ਤੇ ਲੁਟੇਰੇ ਵੀ ਸਨ। ਅਮਰ ਸਿੰਘ ਦੀ ਗ੍ਰਿਫਤਾਰੀ ਬਾਰੇ ਕਾਨਪੁਰ ਆਊਟਰ ਪੁਲਸ ਨੂੰ ਦੱਸ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਪੁਲਸ ਨੇ ਘਾਟਮਪੁਰ ਦੇ ਮੁਹੱਲਾ ਤਕੀਆ ਜਵਾਹਰ ਨਗਰ ਵਾਸੀ ਮੋਬੀਨ ਸ਼ਾਹ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੀ ਦੰਗਾਕਾਰੀ ਵਜੋਂ ਨਿਸ਼ਾਨਦੇਹੀ ਕੀਤੀ ਗਈ ਸੀ। ਦੋਵਾਂ ਨੂੰ ਰਾਘਵੇਂਦਰ ਸਿੰਘ ਹੀ ਬੱਸ ਵਿੱਚ ਲੈ ਕੇ ਕਾਨਪੁਰ ਆਇਆ ਸੀ।

# ਘਰ ਨੂੰ ਅੱਗ ਲੱਗਣ ਕਾਰਨ ਭਾਰਤੀ ਮੂਲ ਦੇ ਤਿੰਨ ਲੋਕਾਂ ਦੀ ਮੌਤ



ਨਿਊਯਾਰਕ, 22 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਇੱਕ ਘਰ ਵਿੱਚ ਅੱਗ ਲੱਗਣ ਕਾਰਨ ਇੱਕ ਭਾਰਤੀ ਮੂਲ ਦੇ ਜੋੜੇ ਅਤੇ ਉਨ੍ਹਾਂ ਦੇ ਪੁੱਤਰ ਦੀ ਮੌਤ ਹੋ ਗਈ ਹੈ।

ਡਬਲਊ ਪੀ ਐਕਸ ਟੀ ਵੀ ਸਟੇਸ਼ਨ ਨੇ ਦੱਸਿਆ ਕਿ ਦੁਪਹਿਰੇ ਜਦੋਂ ਫ਼ਾਇਰਫ਼ਾਈਟਰ ਉਥੇ ਪਹੁੰਚੇ ਤਾਂ ਘਰ ਅੱਗ ਦੀ ਲਪੇਟ ਵਿੱਚ ਆਇਆ ਹੋਇਆ ਸੀ ਤੇ ਇੱਕ ਫ਼ਲੈਟ ਦੀ ਬੇਸਮੈਂਟ ਵਿੱਚੋਂ ਦੋ ਲਾਸ਼ਾਂ ਮਿਲੀਆਂ। ਫ਼ਾਇਰ ਫ਼ਾਈਟਰਾਂ ਨੂੰ ਅਗਲੇ ਦਿਨ ਤੀਜੀ ਲਾਸ਼ ਮਿਲੀ।ਨਿਊਯਾਰਕ ਪੋਸਟ ਨੇ ਗੁਆਂਢੀਆਂ ਤੇ ਰਿਸ਼ਤੇਦਾਰਾਂ ਦੇ ਹਵਾਲੇ ਨਾਲ ਜੋੜੇ ਦੀ ਪਛਾਣ ਨੰਦਾ ਬਾਲੋ ਪਰਸਾਦ ਅਤੇ ਬੋਨੋ ਸਲੀਮਾ ਸ਼ੈਲੀ ਪਰਸਾਦ ਵਜੋਂ ਕੀਤੀ ਹੈ। ਉਨ੍ਹਾਂ ਦੇ ਬੇਟੇ ਡੇਵੋਨ ਪਰਸਾਦ (22) ਦੀ ਲਾਸ਼ ਅਗਲੇ ਦਿਨ ਮਿਲੀ ਸੀ। ਡਬਲਊ ਪੀ ਆਈ ਐਕਸ ਦੇ ਮੁਤਾਬਕ ਇਸ ਘਟਨਾ ਨੂੰ ਅਧਿਕਾਰੀਆਂ ਨੇ ਫ਼ਾਈਵ-ਅਲਾਰਮ ਫ਼ਾਇਰ ਵਜੋਂ ਸ਼੍ਰੇਣੀਬੱਧ ਕੀਤਾ ਸੀ, ਜੋ ਤੇਜ਼ ਹਵਾਵਾਂ ਕਾਰਨ ਚਾਰ ਹੋਰ ਘਰਾਂ ਵਿੱਚ ਫੈਲ ਗਈ। ਇਸ ਨੇ ਅੱਗੇ ਦੱਸਿਆ ਕਿ 9 ਪਰਵਾਰਾਂ ਦੇ 29 ਬਾਲਗ ਤੇ 13 ਬੱਚੇ ਅੱਗ ਨਾਲ ਪ੍ਰਭਾਵਤ ਹੋਏ ਹਨ, ਜਦੋਂ ਕਿ ਕਈ ਫ਼ਾਇਰਫ਼ਾਈਟਰ ਜ਼ਖ਼ਮੀ ਹੋਏ ਹਨ।ਨਿਊਯਾਰਕ ਪੋਸਟ ਨੇ ਕਿਹਾ ਕਿ ਰਿਸ਼ਤੇਦਾਰਾਂ ਦੇ ਅਨੁਸਾਰ, ਨੰਦਾ ਪਰਸਾਦ ਦਵਾਈਆਂ ਬਣਾਉਣ ਵਾਲੀ ਕੰਪਨੀ ਤੋਂ ਸੇਵਾਮੁਕਤ ਹੋਏ ਸਨ, ਜਦੋਂ ਕਿ ਉਨ੍ਹਾਂ ਦੀ ਪਤਨੀ ਜੇ ਐਫ਼ ਕੇ ਹਵਾਈ ਅੱਡੇ ਉੱਤੇ ਕੰਮ ਕਰਦੀ ਸੀ।

# ਕਰੈਡਿਟ ਕਾਰਡ ਨਾਲ ਜੁੜੇ ਨਿਯਮਾਂ ਨੂੰ ਤਿੰਨ ਮਹੀਨੇ ਲਈ ਟਾਲਿਆ

ਮੁੰਬਈ, 22 ਜੂਨ (ਪੋਸਟ ਬਿਊਰੋ)- ਕਰੈਡਿਟ ਅਤੇ ਡੈਬਿਟ ਕਾਰਡ ਬਾਰੇ ਇੱਕ ਜੁਲਾਈ ਤੋਂ ਲਾਗੂ ਹੋਣ ਵਾਲੇ ਨਿਯਮ ਆਰ ਬੀ ਆਈ (ਭਾਰਤੀ ਰਿਜ਼ਰਵ ਬੈਂਕ) ਨੇ ਤਿੰਨ ਮਹੀਨੇ ਲਈ ਟਾਲ ਦਿੱਤੇ ਹਨ। ਇਹ ਨਿਯਮ ਇੱਕ ਅਕਤੂਬਰ ਤੋਂ ਲਾਗੂ ਹੋਣਗੇ। ਕੇਂਦਰੀ ਬੈਂਕ ਨੇ ਕਿਹਾ ਹੈ ਕਿ ਇੰਡਸਟਰੀ ਨਾਲ ਜੁੜੇ ਲੋਕਾਂ ਤੋਂ ਮਿਲੇ ਸੁਝਾਵਾਂ ਅਤੇ ਅਪੀਲਾਂ ਦੇ ਬਾਅਦ ਇਹ ਫੈਸਲਾ ਲਿਆ ਹੈ ਜਿਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਦੀ ਸਮਾਂ ਸੀਮਾ ਵਧਾਈ ਗਈ ਹੈ, ਉਸ ਵਿੱਚੋਂ ਇੱਕ ਕਰੈਡਿਟ ਕਾਰਡ ਨੂੰ ਐਕਟਿਵ ਕਰਨ ਨਾਲ ਜੁੜਿਆ ਹੈ।

ਆਰ ਬੀ ਆਈ ਨੇ ਫਿਨਟੇਕ ਕੰਪਨੀਆਂ ਨੂੰ ਕੋਈ ਰਾਹਤ ਨਹੀਂ ਦਿੱਤੀ। ਨਵੇਂ ਨਿਯਮਾਂ ਅਨੁਸਾਰ ਕਸਟਮਰ ਵੱਲੋਂ ਕਾਰਡ ਨਾਲ ਕੀਤੇ ਟ੍ਰਾਂਜੈਕਸ਼ਨ ਦੀ ਜਾਣਕਾਰੀ ਕੋ-ਬਰਾਡਿੰਗ ਪਾਰਟਨਰ ਐਕਸੈਸ ਨਹੀਂ ਕਰ ਸਕਣਗੇ।ਜਿਨ੍ਹਾਂ ਨਿਯਮਾਂ ਨੂੰ ਇੱਕ ਜੁਲਾਈ ਤੋਂ ਲਾਗੂ ਕੀਤਾ ਜਾਣਾ ਸੀ, ਉਸ ਵਿੱਚ ਕਾਰਡ ਜਾਰੀਕਰਤਾ ਨੂੰ ਕਰੈਡਿਟ ਕਾਰਡ ਐਕਟਿਵ ਕਰਨ ਲਈ ਕਾਰਡ ਹੋਲਡਰ ਤੋਂ ਵਨ ਟਾਈਮ ਪਾਸਵਰਡ (ਓ ਟੀ ਪੀ) ਦੀ ਸਹਿਮਤੀ ਲੈਣੀ ਜ਼ਰੂਰੀ ਸੀ। ਇਹ ਸਹਿਮਤੀ ਤਦ ਲਈ ਜਾਣੀ ਸੀ ਜਦ ਕਾਰਡ ਜਾਰੀ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਤੋਂ ਵੱਧ ਸਮੇਂ ਤਕ ਗਾਹਕ ਦੁਆਰਾ ਇਸ ਨੂੰ ਐਕਟਿਵ ਨਾ ਕੀਤਾ ਗਿਆ ਹੋਵੇ। ਜੇ ਕਾਰਡ ਨੂੰ ਚਾਲੂ ਕਰਨ ਲਈ ਕੋਈ ਸਹਿਮਤੀ ਨਹੀਂਮਿਲਦੀ ਤਾਂ ਕਾਰਡ ਜਾਰੀਕਰਤਾ ਨੂੰ ਗਾਹਕ ਤੋਂ ਪੁਸ਼ਟੀ ਪ੍ਰਾਪਤ ਕਰਨ ਦੀ ਤਰੀਕ ਤੋਂ ਸੱਤ ਕੰਮ ਵਾਲੇ ਦਿਨਾਂ ਦੇ ਅੰਦਰ ਬਿਨਾਂ ਕਿਸੇ ਲਾਗਤ ਦੇ ਕਰੈਡਿਟ ਕਾਰਡ ਬੰਦ ਕਰ ਦੇਣਾ ਹੋਵੇਗਾ। ਇਸ ਦੇ ਇਲਾਵਾ ਕਾਰਡ ਹੋਲਡਰ ਤੋਂ ਸਪੱਸ਼ਟ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਉਸ ਨੂੰ ਮਨਜ਼ੂਰਸ਼ੁਦਾ ਕਰੈਡਿਟ ਸੀਮਾ ਦਾ ਉਲੰਘਣਾ ਨਹੀਂ ਹੋਣਾ ਚਾਹੀਦਾ।

# ਮਹਿਲਾ ਕਾਂਗਰਸ ਦੀ ਪ੍ਰਧਾਨ ਨੇ ਪੁਲਸ ਵਾਲਿਆਂ ਉੱਤੇ ਥੁੱਕਿਆ



ਨਵੀਂ ਦਿੱਲੀ, 22 ਜੂਨ (ਪੋਸਟ ਬਿਊਰੋ)- ਨੈਸ਼ਨਲ ਹੈਰਾਲਡ ਮਾਮਲੇ ਵਿੱਚ ਰਾਹੁਲ ਗਾਂਧੀ ਤੋਂ ਈ ਡੀ ਦੀ ਪੁੱਛਗਿੱਛ ਕੱਲ੍ਹ ਪੰਜਵੇਂ ਦਿਨ ਵੀ ਜਾਰੀ ਰਹੀ। ਇਸ ਦੌਰਾਨ ਮਹਿਲਾ ਕਾਂਗਰਸ ਪ੍ਰਧਾਨ ਨੇਟਾ ਡਿਸੂਜ਼ਾ ਦੀ ਸ਼ਰਮਨਾਕ ਹਰਕਤ ਦਾ ਵੀਡੀਓ ਸਾਹਮਣੇ ਆਇਆ।ਜਦੋਂ ਪੁਲਸ ਪ੍ਰਦਰਸ਼ਨਕਾਰੀਆਂ ਨੂੰ ਫੜ ਕੇ ਗੱਡੀਆਂ ਵਿੱਚ ਬਿਠਾ ਰਹੀ ਸੀ ਤਾਂ ਬੱਸ ਦੇ ਦਰਵਾਜ਼ੇ ਉੱਤੇ ਖੜੀ ਡਿਸੂਜ਼ਾ ਨੇ ਮਹਿਲਾ ਪੁਲਸ ਮੁਲਾਜ਼ਮਾਂ ਉੱਤੇ ਥੁਕਿਆ। ਇਸ ਤੋਂ ਪਹਿਲਾਂ ਕਾਂਗਰਸ ਨੇਤਾ ਅਲਕਾ ਲਾਂਬਾ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ ਜਿਸ ਵਿੱਚ ਉਹ ਫੁੱਟ-ਫੁੱਟ ਕੇ ਰੋ ਰਹੀ ਹੈ। ਗ੍ਰਿਫ਼ਤਾਰੀ ਦੌਰਾਨ ਅਲਕਾ ਲਾਂਬਾ ਦੀ ਇੱਕ ਮਹਿਲਾ ਪੁਲਸ ਕਰਮਚਾਰੀ ਨਾਲ ਝੜਪ ਹੋ ਗਈ ਅਤੇ ਉਹ ਰੋਂਦੀ ਨਜ਼ਰ ਆਈ।

ਕਾਂਗਰਸ ਵਰਕਰਾਂ ਨੇ ਰਾਹੁਲ ਗਾਂਧੀ ਉੱਤੇ ਈ ਡੀ ਦੀ ਕਾਰਵਾਈ ਦੇ ਖ਼ਿਲਾਫ਼ ਪਾਰਟੀ ਹੈਡਕੁਆਰਟਰ ਤਕ ਪੈਦਲ ਮਾਰਚ ਕੱਢਿਆ। ਪਾਰਟੀ ਆਗੂ ਨਾਅਰੇਬਾਜ਼ੀ ਕਰਦੇ ਹੋਏ ਜੰਤਰ-ਮੰਤਰ ਵੱਲ ਜਾ ਰਹੇ ਸਨ ਪਰ ਕੁਝ ਦੂਰੀ ਉੱਤੇ ਪੁਲਸ ਨੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰੋਕ ਲਿਆ। ਵਰਕਰਾਂ ਨੇ ਉਥੇ ਖੜੇ ਹੋ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮਾਰਚ ਨੂੰ ਰੋਕਣ ਦੇ ਵਿਰੁੱਧ ਕਾਂਗਰਸੀ ਆਗੂ ਅਲਕਾ ਲਾਂਬਾ ਦੀ ਪੁਲਸ ਨਾਲ ਝੜਪ ਹੋ ਗਈ ਅਤੇ ਉਹ ਸੜਕ ਉੱਤੇ ਬੈਠ ਗਈ। ਉਸ ਨੇ ਰੋਂਦੇ ਹੋਏ ਕਿਹਾ, ‘‘ਅੱਜ ਦੇਸ਼ ਦੀ ਜੋ ਹਾਲਤ ਹੋ ਗਈ ਹੈ ਉਸ ਨੂੰ ਦੇਖ ਕੇ ਪੂਰਾ ਦੇਸ਼ ਰੋ ਰਿਹਾ ਹੈ। ਅਸੀਂ ਜੈ ਜਵਾਨ, ਜੈ ਕਿਸਾਨ ਤੇ ਭਾਰਤ ਮਾਤਾ ਚਾਹੁੰਦੇ ਹਾਂ। ਇਹ ਸਾਡਾ ਸੰਵਿਧਾਨਕ ਹੱਕ ਹੈ, ਪਰ ਇਹ ਸਰਕਾਰ ਸਾਡੇ ਤੋਂ ਇਹ ਲੋਕਤੰਤਰੀ ਹੱਕ ਖੋਹਣਾ ਚਾਹੁੰਦੀ ਹੈ। ਬੱਚੇ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਲਈ ਸ਼ਹੀਦ ਬਣਨਾ ਚਾਹੁੰਦੇ ਹਨ, ਪਰ ਸਰਕਾਰ ਉਨ੍ਹਾਂ ਤੋਂ ਇਹ ਮੌਕਾ ਖੋਹਣਾ ਚਾਹੁੰਦੀ ਹੈ।''ਜਦੋਂ ਪੁਲਸ ਮੁਲਾਜ਼ਮਾਂ ਨੇ ਅਲਕਾ ਲਾਂਬਾ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਪੁਲਸ ਨਾਲ ਝਗੜਾ ਹੋ ਗਿਆ। ਇਸ ਦੌਰਾਨ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਵਰਕਰਾਂ ਨਾਲ ਸੜਕ ਉੱਤੇ ਬੈਠ ਗਏ ਅਤੇ ਨਾਅਰੇਬਾਜ਼ੀ ਕੀਤੀ। ਪੁਲਸ ਨੇ ਕਈ ਕਾਰਕੁੰਨਾਂ ਨੂੰ ਹਿਰਾਸਤ ਵਿੱਚ ਲੈ ਕੇ ਥਾਣਿਆਂ ਵਿੱਚ ਭੇਜ ਦਿੱਤਾ।

# ਗਰਭਵਤੀ ਔਰਤ ਦੇ ਬੱਚੇ ਦਾ ਸਿਰ ਕੱਟ ਕੇ ਗਰਭ ਵਿੱਚ ਛੱਡਿਆ

* ਪਾਕਿਸਤਾਨ ਦੇ ਪੇਂਡੂ ਸਿਹਤ ਕੇਂਦਰ ਵਿੱਚ ਘਟਨਾ

ਕਰਾਚੀ, 22 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਦੇ ਇੱਕ ਪੇਂਡੂ ਸਿਹਤ ਕੇਂਦਰ ਦੇ ਸਟਾਫ ਵਾਲਿਆਂ ਦੀ ਲਾਪਰਵਾਹੀ ਦਾ ਕੇਸ ਸਾਹਮਣੇ ਆਇਆ ਹੈ। ਇਲਾਜ ਦੌਰਾਨ ਗਰਭ ਵਿੱਚ ਪਲਦੇ ਬੱਚੇ ਦਾ ਸਿਰ ਵੱਢ ਕੇ ਉਸ ਨੂੰ ਮਹਿਲਾ ਦੇ ਗਰਭ ਵਿੱਚ ਹੀ ਛੱਡ ਦਿੱਤਾ। ਇਸ ਨਾਲ 32 ਸਾਲਾ ਹਿੰਦੂ ਮਹਿਲਾ ਦੀ ਹਾਲਤ ਮਰਨਾਊ ਹੋ ਗਈ ਸੀ। ਬਾਅਦ ਵਿੱਚ ਕਿਸੇ ਤਰ੍ਹਾਂ ਡਾਕਟਰਾਂ ਨੇ ਉਸ ਦੀ ਜਾਨ ਬਚਾਈ। ਸਿੰਧ ਸਰਕਾਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸ ਦੀ ਤਹਿ ਤਕ ਜਾਣ ਤੇ ਦੋਸ਼ੀਆਂ ਦਾ ਪਤਾ ਲਾਉਣ ਲਈ ਇੱਕ ਮੈਡੀਕਲ ਜਾਂਚ ਬੋਰਡ ਬਣਾਇਆ ਹੈ।



ਜਮਸ਼ੋਰੋ ਵਿੱਚ ਲਿਆਕਤ ਯੂਨੀਵਰਸਿਟੀ ਆਫ ਮੈਡੀਕਲ ਐਂਡ ਹੈਲਥ ਸਾਇੰਸਿਜ਼ (ਐਲ ਯੂ ਐਮ ਐਚ ਐਸ) ਦੇ ਇਸਤਰੀ ਰੋਗ ਵਿਭਾਗ ਦੇ ਮੁਖੀ ਪ੍ਰੋਫੈਸਰ ਰਾਹੀਲ ਸਿਕੰਦਰ ਨੇ ਦੱਸਿਆ ਕਿ ਭੀਲ ਹਿੰਦੂ ਔਰਤ ਥਾਰਪਾਕਰ ਜ਼ਿਲ੍ਹੇ ਦੇ ਇੱਕ ਦੂਰ ਦੁਰ-ਾਡੇ ਪਿੰਡ ਦੀ ਰਹਿਣ ਵਾਲੀ ਹੈ। ਉਹ ਆਪਣੇ ਖੇਤਰ ਵਿੱਚਲੇ ਇੱਕ ਪੇਂਡੂ ਸਿਹਤ ਕੇਂਦਰ (ਆਰ ਐਚ ਸੀ) ਵਿੱਚ ਗਈ ਸੀ, ਪਰ ਕੋਈ ਮਹਿਲਾ ਇਸਤਰੀ ਰੋਗ ਮਾਹਰ ਨਾ ਹੋਣ ਕਾਰਨ ਗੈਰ ਤਜਰਬੇਕਾਰ ਨੇ ਇਸ ਦਾ ਇਲਾਜ ਸ਼ੁਰੂ ਕਰ ਦਿੱਤਾ। ਆਰ ਐਚ ਸੀ ਦੇ ਕਰਮਚਾਰੀਆਂ ਨੇ ਐਤਵਾਰ ਨੂੰ ਹੋਈ ਸਰਜਰੀ ਦੌਰਾਨ ਮਾਂ ਦੇ ਗਰਭ ਵਿੱਚ ਪਲਦੇ ਬੱਚੇ ਦਾ ਲਾਪਰਵਾਹੀ ਨਾਲ ਸਿਰ ਵੱਢ ਦਿੱਤਾ ਤੇ ਉਸ ਨੂੰ ਅੰਦਰ ਛੱਡ ਦਿੱਤਾ। ਇਸ ਦੌਰਾਨ ਮਹਿਲਾ ਦੀ ਹਾਲਤ ਵਿਗੜ ਗਈ। ਉਸ ਤੋਂ ਬਾਅਦ ਉਸ ਨੂੰ ਮੀਠੀ ਦੇ ਨੇੜਲੇ ਹਸਪਤਾਲ ਲਿਜਾਇਆ ਗਿਆ, ਪਰ ਉਥੇ ਇਸ ਦੇ ਇਲਾਜ ਲਈ ਕੋਈ ਸਹੂਲਤ ਨਹੀਂ ਸੀ। ਫਿਰ ਉਸ ਦਾ ਪਰਵਾਰ ਉਸ ਨੂੰ ਐਲ ਯੂ ਐਮ ਐਚ ਐਸ ਲਿਆਇਆ। ਇੱਥੇ ਨਵਜੰਮੇ ਬੱਚੇ ਦਾ ਬਾਕੀ ਸਰੀਰ ਮਾਂ ਦੇ ਗਰਭ ਤੋਂ ਕੱਢ ਲਿਆ ਗਿਆ ਤੇ ਉਸ ਦੀ ਜਾਨ ਬਚ ਗਈ। ਸਿਕੰਦਰ ਨੇ ਕਿਹਾ ਕਿ ਬੱਚੇ ਦਾ ਸਿਰ ਅੰਦਰ ਫਸਿਆ ਹੋਇਆ ਸੀ ਤੇ ਮਾਂ ਦੀ ਬੱਚੇਦਾਨੀ ਟੁੱਟ ਗਈ ਸੀ ਤੇ ਉਨ੍ਹਾਂ ਨੂੰ ਉਸ ਦੀ ਜਾਨ ਬਚਾਉਣ ਲਈ ਉਸਦਾ ਪੇਟ ਖੋਲ੍ਹਣਾ ਪਿਆ ਤੇ ਸਿਰ ਬਾਹਰ ਕੱਢਣਾ ਪਿਆ। ਇਸ ਜ਼ਬਰਦਸਤ ਗਲਤੀ ਲਈ ਸਿੰਧ ਸਿਹਤ ਸੇਵਾ ਦੇ ਡਾਇਰੈਕਟਰ ਜਨਰਲ ਡਾਕਟਰ ਜੁਮਾਨ ਬਹੋਤੋ ਨੇ ਵੱਖਰੇ ਤੌਰ ਉੱਤੇ ਮਾਮਲੇ ਦੀ ਜਾਂਚ ਦਾ ਹੁਕਮ ਦਿੱਤਾ ਹੈ।

# ਟੋਕੀਓ ਖੇਡਾਂ ਅੱਜ ਤਕ ਦੀਆਂ ਸਭ ਤੋਂ ਖਰਚੀਲੀਆਂ ਓਲੰਪਿਕ ਖੇਡਾਂ

ਟੋਕੀਓ, 22 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਮਾਰੀ ਕਾਰਨ ਇੱਕ ਸਾਲ ਦੀ ਦੇਰੀ ਨਾਲ ਹੋਈਆਂ ਟੋਕੀਓ ਓਲੰਪਿਕ ਖੇਡਾਂ ਅੱਜ ਤਕ ਦੀਆਂ ਸਭ ਤੋਂ ਮਹਿੰਗੀਆਂ ਓਲੰਪਿਕ ਖੇਡਾਂ ਸਨ, ਜਿਸ ਵਿੱਚ 2013 ਵਿੱਚ ਮੇਜ਼ਬਾਨੀ ਮਿਲਣ ਦੇ ਸਮੇਂ ਲਾਏ ਗਏ ਅੰਦਾਜ਼ੇ ਤੋਂ ਲੱਗਭਗ ਦੁੱਗਣਾ ਖਰਚਾ ਹੋਇਆ ਹੈ। ਟੋਕੀਓ ਖੇਡਾਂ ਦੇ ਆਯੋਜਨ ਵਿੱਚ ਲੱਗਭਗ 1.42 ਟ੍ਰਿਲੀਅਨ ਯੇਨ ਖਰਚ ਹੋਏ। ਟੋਕੀਓ ਓਲੰਪਿਕ ਅਧਿਕਾਰੀਆਂ ਨੇ ਕੱਲ੍ਹ ਇਸਦੀ ਮੀਟਿੰਗ ਕੀਤੀ, ਜਿਸ ਵਿੱਚ ਇਨ੍ਹਾਂ ਖੇਡਾਂ ਨਾਲ ਜੁੜੇ ਖਰਚੇ ਦਾ ਬਿਓਰਾ ਦਿੱਤਾ ਗਿਆ। ਇਸ ਆਯੋਜਨ ਕਮੇਟੀ ਨੂੰ ਇਸ ਮਹੀਨੇ ਦੇ ਆਖਰ ਵਿੱਚ ਬੰਦ ਕਰ ਦਿੱਤਾ ਜਾਵੇਗਾ। ਡਾਲਰ ਅਤੇ ਜਾਪਾਨ ਦੀ ਕਰੰਸੀ ਯੇਨ ਵਿਚਾਲੇ ਐਕਸਚੇਂਜ ਦਰ ਵਿੱਚ ਤਾਜ਼ਾ ਉਤਾਰ-ਚੜਾਅ ਕਾਰਨ ਹਾਲੇ ਲਾਗਤ ਦੀ ਗਣਨਾ ਕਰਨਾ ਚੁਣੌਤੀਪੂਰਨ ਹੈ। ਪਿਛਲੇ ਸਾਲ ਜਦੋਂ ਖੇਡਾਂ ਦਾ ਆਯੋਜਨ ਸ਼ੁਰੂ ਹੋਇਆ ਤਾਂ ਇੱਕ ਡਾਲਰ ਲੱਗਭਗ 110 ਯੇਨ ਦੇ ਬਰਾਬਰ ਸੀ ਜਦਕਿ ਕੱਲ੍ਹ ਇਹ 135 ਯੇਨ ਦੇ ਨੇੜੇ ਰਿਹਾ। ਇਹ ਯੇਨ ਦੇ ਮੁਕਾਬਲੇ ਡਾਲਰ ਦਾ ਲੱਗਭਗ 25 ਸਾਲਾਂ ਦੇ ਉਚ ਪੱਧਰ ਉੱਤੇ ਹੈ।ਜਦੋਂ ਇਹ ਖੇਡਾਂ ਖਤਮ ਹੋਈਆਂ ਤਾਂ ਆਯੋਜਕਾਂ ਨੇ ਇਸ ਵਿੱਚ 15.4 ਬਿਲੀਅਨ ਡਾਲਰ ਖਰਚ ਦਾ ਅੰਦਾਜ਼ਾ ਲਾਇਆ ਸੀ। ਇਸਦੇ ਚਾਰ ਮਹੀਨੇ ਬਾਅਦ ਆਯੋਜਕਾਂ ਨੇ ਕਿਹਾ ਕਿ ਲਾਗਤ 13.6 ਬਿਲੀਅਨ ਡਾਲਰ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ੰਸਕਾਂ ਦੇ ਸਟੇਡੀਅਮ ਵਿੱਚ ਨਾ ਹੋਣ ਨਾਲ ਇਸ ਵਿੱਚ ਵੱਡੀ ਬੱਚਤ ਹੋਈ ਹੈ। ਸੁਰੱਖਿਆ ਲਾਗਤ, ਸਥਾਨ ਦੇ ਰੱਖ-ਰਖਾਅ ਦਾ ਖਰਚ ਘੱਟ ਰਿਹਾ ਹੈ। ਇਸ ਨਾਲ ਆਯੋਜਕਾਂ ਨੂੰ ਟਿਕਟ ਵਿਕਰੀ ਤੋਂ ਹੋਣ ਵਾਲੀ ਕਮਾਈ ਦਾ ਨੁਕਸਾਨ ਵੀ ਹੋਇਆ ਹੈ।




# 76 ਸਾਲਾ ਸੁਪਰਫਿੱਟ ਦਾਦੀ ਨੇ ਵੇਟ ਲਿਫਲਿੰਗ ਕਰ ਕੇ ਸਾਰੀ ਦੁਨੀਆ ਨੂੰ ਹੈਰਾਨ ਕੀਤਾ

ਲੰਡਨ, 22 ਜੂਨ (ਪੋਸਟ ਬਿਊਰੋ)- ਕੁਝ ਲੋਕ ਉਮਰ ਅਤੇ ਜ਼ੋਖਮ ਦੋਨੋਂ ਉੱਤੇ ਫਤਿਹ ਕਰਨ ਦਾ ਹੁਨਰ ਬਾਖੂਬੀ ਜਾਣਦੇ ਹਨ। ਮੌਤ ਨੂੰ ਨਾ ਸਿਰਫ਼ ਚਕਮਾ ਦੇਣ ਵਿੱਚ ਮਾਹਿਰ ਹੁੰਦੇ ਹਨ ਸਗੋਂ ਆਪਣੇ ਬੁਲੰਦ ਹੌਸਲਿਆਂ ਨਾਲ ਖੁਦ ਨੂੰ ਅਜਿਹਾ ਮਜ਼ਬੂਤ ਬਣਾ ਲੈਂਦੇ ਹਨ ਕਿ ਮੌਤ ਵੀ ਡਰਨ ਲੱਗੇ।



ਇੱਕ ਸੁਪਰਫਿਟ ਦਾਦੀ ਦੋ ਵਾਰ ਕੈਂਸਰ ਨੂੰ ਮਾਤ ਦੇ ਕੇ ਐਥਲੀਟ ਬਣ ਗਈ ਅਤੇ ਰਿਕਾਰਡਾਂ ਦੀ ਭਰਮਾਰ ਕਰ ਦਿੱਤੀ।75 ਸਾਲ ਦੀ ਉਮਰ ਪਾਰ ਸੁਪਰਫਿਟ ਗ੍ਰੈਨੀ ਪੈਟ ਰੀਵਸ ਨੂੰ 36 ਸਾਲ ਦੀ ਉਮਰੇ ਪਹਿਲੀ ਵਾਰ ਬ੍ਰੇਨ ਟਿਊਮਰ ਦਾ ਪਤਾ ਲੱਗਾ ਸੀ, ਪਰ ਮਾਯੂਸ ਹੋ ਕੇਹਿੰਮਤ ਹਾਰ ਕੇ ਬੈਠਣ ਦੀ ਥਾਂ ਉਸਨੇ ਲਿਫਟਿੰਗ ਸ਼ੁਰੂ ਕਰ ਦਿੱਤੀ। ਜਿਮ ਵਿੱਚ ਪਸੀਨਾ ਵਹਾਇਆ ਤੇ ਮੌਤ ਨੂੰ ਮਾਤ ਦਿੱਤੀ ਪਰ ਉਸ ਨੂੰ ਦੁਬਾਰਾ ਕੈਂਸਰ ਦਾ ਸਾਹਮਣਾ ਕਰਨਾ ਪਿਆ। 1982 ਤੋਂ ਬਾਅਦ ਤੋਂ ਦੋ ਵਾਰ ਕੈਂਸਰ ਵਰਗੀ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋਈ ਪਰ ਖੁਦ ਨੂੰ ਮਜ਼ਬੂਤ ਬਣਾਈ ਰੱਖਣ ਦੇ ਲਈ ਪਾਵਰ ਲਿਫਟਿੰਗ ਅਤੇ ਮੈਰਾਥਨ ਵਿੱਚ ਇੰਨੀ ਐਕਟਿਵ ਹੋ ਗਈ ਕਿ 200 ਤੋਂ ਜ਼ਿਆਦਾ ਰਿਕਾਰਡ ਤੋੜ ਚੁੱਕੀ ਹੈ। 10 ਸਾਲਾਂ ਤਕ ਨੈਸ਼ਨਲ ਤੇ ਇੰਟਰਨੈਸ਼ਨਲ ਗਲੋਬਲ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੇ ਸੁਨਹਿਰੇ ਦਿਨਾਂ ਵਿੱਚ 42 ਕਿਲੋਗ੍ਰਾਮ ਵਰਗ ਵਿੱਚ 135 ਕਿਲੋਗ੍ਰਾਮ ਦੀ ਵੇਟ ਲਿਫਟਿੰਗ ਕੀਤੀ। ਕਿਸਮਤ ਇੱਕ ਵਾਰ ਫਿਰ ਉਸ ਨੂੰ ਅਜਮਾਉਣਾ ਚਾਹੁੰਦੀ ਸੀ ਅਤੇ 48 ਸਾਲ ਦੀ ਉਮਰ ਵਿੱਚ ਫਿਰ ਟਰਮੀਨਲ ਕੈਂਸਰ ਦਾ ਸਾਹ-ਮਣਾ ਕਰਨਾ ਪਿਆ। ਇਸ ਵਾਰ 1993 ਵਿੱਚ ਉਸ ਨੇ ਆਸਟਿਯੋਸਾਰਕੋਮਾ ਹੋ ਗਿਆ, ਜੋ ਇੱਕ ਤਰ੍ਹਾਂ ਦਾ ਹੱਡੀ ਦਾ ਕੈਂਸਰ ਸੀ।ਪੈਟ ਨੇ 2022 ਵਿੱਚ 60 ਕਿਲੋਗ੍ਰਾਮ ਚੁੱਕ ਕੇ ਸਭ ਨੂੰ ਹੈਰਾਨ ਕਰ ਦਿੱਤਾ, ਜੋ ਉਸਦੀ ਉਮਰ ਅਤੇ ਭਾਰ ਵਰਗ ਲਈ ਇੱਕ ਨਵਾਂ ਰਿਕ-ਾਰਡ ਸੀ। 2005 ਵਿੱਚ ਬ੍ਰਿਟਿਸ਼ ਡਰੱਗ ਫਰੀ ਪਾਵਰ ਲਿਫਟਿੰਗ ਐਸੋਸੀਏਸ਼ਨ ਵਿੱਚ ਸ਼ਾਮਲ ਹੋਣ ਪਿੱਛੋਂ ਪੈਟ ਨੇ ਲੱਗਭਗ 200 ਰਿਕ-ਾਰਡ ਤੋੜੇ ਅਤੇ ਉਹ 135 ਕਿਲੋਗ੍ਰਾਮ ਭਾਰ ਚੁੱਕ ਸਕਦੀ ਹੈ।

# ਮਾਲਦੀਵ ਵਿੱਚ ਯੋਗਾ ਕਰਦੇ ਲੋਕਾਂ ਉਤੇ ਇਸਲਾਮੀ ਕਟੜਪੰਥੀਆਂ ਦਾ ਹਮਲਾ


ਮਾਲੇ, 22 ਜੂਨ (ਪੋਸਟ ਬਿਊਰੋ)- ਕੱਲ੍ਹਦੁਨੀਆਭਰ ਵਿੱਚ 8ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆਤਾਂ ਇਸ ਮੌਕੇ ਮਾਲਦੀਵ ਦੀ ਰਾਜਧਾਨੀ ਮਾਲੇ ਦੇ ਗਾਲੋਹੂ ਨੈਸ਼ਨਲ ਫੁੱਟਬਾਲ ਸਟੇਡੀਅਮ ਵਿੱਚ ਯੋਗ ਕਾਰਜਕ੍ਰਮ ਕੀਤਾ ਜਾ ਰਿਹਾ ਸੀ। ਇਸ ਮੌਕੇ ਇਸਲਾਮਿਕ ਕਟੜਪੰਥੀਆਂ ਦੇ ਇੱਕ ਗਰੁੱਪ ਨੇ ਸਟੇਡੀਅਮ ਉੱਤੇ ਹਮਲਾ ਕਰ ਦਿੱਤਾ।



ਕਾਰਜਕ੍ਰਮ ਦੇ ਦੌਰਾਨ ਅਚਾਨਕ 100 ਤੋਂ ਵੱਧ ਲੋਕ ਸਟੇਡੀਅਮ ਵਿੱਚ ਝੰਡਾ ਲੈ ਕੇ ਦੌੜਦੇ ਹੋਏ ਆਏ ਅਤੇ ਲੋਕਾਂ ਨੂੰ ਭੱਜਾ ਦਿੱਤਾ। ਇਸ ਦੌਰਾਨ ਕੱਟੜਪੰਥੀਆਂ ਨੇ ਸਟੇਡੀਅਮ ਵਿੱਚ ਲੱਗੇ ਯੋਗ ਨਾਲ ਜੁੜੇ ਪੋਸਟਰ ਬੈਨਰ ਅਤੇ ਬੋਰਡ ਤੋੜ ਦਿੱਤਾ। ਇਹੀ ਨਹੀਂ ਇਨ੍ਹਾਂ ਲੋਕਾਂ ਨੇ ਕੈਮਰੇ ਵਿੱਚ ਰਿਕਾਰਡਿੰਗ ਕਰ ਰਹੇ ਲੋਕਾਂ ਉੱਤੇ ਵੀ ਹਮਲਾ ਬੋਲਿਆ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਟੜਪੰਥੀਆਂ ਨੇ ਆਪਣੇ ਹੱਥਾਂ ਵਿੱਚ ਕੁਝ ਤਖਤੀਆਂ ਤੇ ਪੋਸਟਰ ਫੜੇ ਹਨ। ਇਸ ਉੱਤੇ ਯੋਗ ਦੇ ਵਿਰੁੱਧ ਵਿੱਚ ਨਾਅਰੇ ਲਿਖੇ ਗਏ ਸਨ ਅਤੇ ਅੰਗ੍ਰੇਜ਼ੀ ਵਿੱਚ ਲਿਖਿਆ ਸੀ: ਯੋਗ ਇਜ਼ ਸ਼ਿਰਕ ਯਾਨੀ ਇਸਲਾਮ ਵਿੱਚ ਯੋਗ ਕਰਨਾ ਪਾਪ ਹੈ। ਇਸ ਕੇਸ ਬਾਰੇ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮਾਲਦੀਵ ਦੇ ਰਾਸ਼ਟਰਪਤੀ ਇਬ੍ਰਾਹਿਮ ਮੁਹੰਮਦ ਸੋਲਿਹ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਮਾਲਦੀਵ ਦੀ ਪੁਲਸ ਨੇ ਸਵੇਰੇ ਗਾਲੋਹੂ ਸਟੇਡੀਅਮ ਵਿੱਚ ਹੋਈ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਇਸਦੇ ਲਈ ਜ਼ਿੰਮੇਦਾਰ ਲੋਕਾਂ ਨੂੰ ਕਾਨੂੰਨ ਦੇ ਸਾਹਮਣੇ ਲਾਇਆ ਜਾਵੇਗਾ।

# ਨਵੇਂ ਮਲਟੀ ਪਲੈਨੇਟ ਸਿਸਟਮ ਦੀ ਖੋਜ, ਧਰਤੀ ਵਰਗੇ ਦੋ ਗ੍ਰਹਿ ਮਿਲੇ

ਵਾਸ਼ਿੰਗਟਨ, 22 ਜੂਨ (ਪੋਸਟ ਬਿਊਰੋ)- ਅਮਰੀਕਾ ਦੀ ਪੁਲਾੜ ਖੋਜ ਏਜੰਸੀ ਨਾਸਾ ਦੇ ਟ੍ਰਾਂਜਿਟਿੰਗ ਐਕਸਪਲੋਨੈਟ ਦੇ ਸਰਵੇ ਸੈਟੇਲਾਈਟ ਰਾਹੀਂ ਪੁਲਾੜ ਵਿੱਚ ਇੱਕ ਮਲਟੀ ਪਲੈਨੇਟ ਸਿਸਟਮ ਦਾ ਪਤਾ ਲੱਗਾ ਹੈ। ਇਹ ਸਿਸਟਮ ਪ੍ਰਿਥਵੀ ਤੋਂ ਕੇਵਲ 33 ਪ੍ਰਕਾਸ਼ ਸਾਲ ਦੂਰਹੈ। ਇਸ ਵਿੱਚ ਪ੍ਰਿਥਵੀ ਦੇ ਆਕਾਰ ਦੇ ਦੋ ਗ੍ਰਹਿ ਵੀ ਹਨ। ਇਸ ਮਲਟੀ ਪਲੈਨੇਟ ਸਿਸਟਮ ਦੇ ਕੇਂਦਰ ਵਿੱਚ ਛੋਟਾ ਅਤੇ ਠੰਢਾ ਐਮ-ਡਵਾਰਫ ਤਾਰਾ ਹੈ, ਜਿਸ ਦਾ ਨਾਂਅ ਐਚ ਡੀ 260655ਰੱਖਿਆ ਹੈ।



ਐਮ ਆਈ ਟੀ ਦੇ ਪੁਲਾੜ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਿੱਚ ਪ੍ਰਿਥਵੀ ਜਿੱਡੇ ਦੋ ਗ੍ਰਹਿ ਮੌਜੂਦ ਹਨ। ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਗ੍ਰਹਿ ਰਹਿਣ ਯੋਗ ਨਹੀਂ, ਕਿਉਂਕਿ ਉਨ੍ਹਾਂ ਦਾ ਆਰਬਿਟ ਬਹੁਤ ਤੰਗ ਹੈ, ਜਿਸ ਕਾਰਨ ਗ੍ਰਹਿਆਂ ਦਾ ਤਾਪਮਾਨ ਵੱਧ ਹੈ। ਏਨੇ ਤਾਪਮਾਨ ਦੇ ਕਾਰਨ ਸਤ੍ਹਾ ਉੱਤੇ ਪਾਣੀ ਨਹੀਂ ਹੈ। ਪਹਿਲਾ ਗ੍ਰਹਿ ਹੈ ਐਚ ਡੀ 260655 ਬੀ, ਜੋ ਹਰ 2.8 ਦਿਨਾਂ ਵਿੱਚ ਤਾਰੇ ਦੀ ਪਰਿਕਰਮਾ ਕਰਦਾ ਹੈ। ਇਹ ਪ੍ਰਿਥਵੀ ਤੋਂ ਕਰੀਬ 1.2 ਗੁਣਾ ਵੱਡਾ ਹੈ। ਦੂਸਰਾ ਗ੍ਰਹਿ ਜੋ ਬਾਹਰ ਵੱਲ ਹੈ, ਉਹ ਹੈ ਐਚ ਡੀ 260655 ਸੀ। ਇਹ ਹਰ 5.7 ਦਿਨ ਵਿੱਚ ਤਾਰੇ ਦੀ ਪਰਿਕਰਮਾ ਕਰਦਾ ਹੈ। ਇਹ ਪ੍ਰਿਥਵੀ ਤੋਂ 1.5 ਗੁਣਾ ਵੱਡਾ ਹੈ। ਇਸ ਦੇ ਇਲਾਵਾ ਪਤਾ ਲੱਗਾ ਹੈ ਕਿ ਇਹ ਦੋਵੇਂ ਗ੍ਰਹਿ ਚੱਟਾਨ ਦੇ ਬਰਾਬਰ ਹਨ। ਮਲਟੀ ਪਲੈਨੇਟ ਸਿਸਟਮ ਦੀ ਖੋਜ ਤੋਂ ਵਿਗਿਆਨੀ ਕਾਫੀ ਉਤਸ਼ਾਹਤ ਹਨ। ਉਨ੍ਹਾ ਦਾ ਮੰਨਣਾ ਹੈ ਕਿ ਇਸ ਸਿਸਟਮ ਨਾਲ ਧਰਤੀ ਦੇ ਆਸਪਾਸ ਦੇ ਇਲਾਕਿਆਂ ਨੂੰ ਬਿਹਤਰ ਸਮਝਣ ਵਿੱਚ ਮਦਦ ਮਿਲੇਗੀ।

ਕੈਲੀਫੋਰਨੀਆ ਦੇ ਪਾਸਾਡੇਨਾ ਵਿੱਚ ਅਮਰੀਕਨ ਐਸਟਰੋਨਾਮੀਕਲ ਸੋਸਾਇਟੀ ਦੀ ਬੈਠਕ ਵਿੱਚ ਵਿ-ਗਆਨਕ ਖੋਜ ਦੇ ਨਤੀਜਿਆਂ ਦੇ ਬਾਰੇ ਦਸਿਆ ਜਾਏਗਾ।ਰਿਸਰਚ ਟੀਮ ਦੇ ਇੱਕ ਮੈਂਬਰ ਦਾ ਕਹਿਣਾ ਹੈ ਕਿ ਇਸ ਸਿਸਟਮ ਵਿੱਚ ਦੋਵਾਂ ਗ੍ਰਹਿਆਂ ਨੂੰ ਉਨ੍ਹਾਂ ਦੇ ਤਾਰੇ ਦੀ ਚਮਕ ਕਾਰਨ ਵਾਯੂ ਮੰਡਲੀ ਰਿਸਰਚ ਲਈ ਸਭ ਤੋਂ ਵਧੀਆ ਟੀਚਾ ਮੰਨਿਆ ਜਾ ਰਿਹਾ ਹੈ। ਇਨ੍ਹਾਂ ਗ੍ਰਹਿਆਂ ਦੇ ਚਾਰੇ ਪਾਸੇ ਵਾਤਾਵਰਣ ਕਿੰਦਾਂ ਦਾ ਹੈ, ਕੀ ਇਥੇ ਪਾਣੀ ਹੈ ਜਾਂ ਇੱਥੇ ਕਾਰਬਨ ਆਧਾਰ ਨਸਲਾਂ ਹਨ, ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਲੱਭਣ ਲਈ ਵਿਗਿਆਨੀ ਹੁਣ ਇਨ੍ਹਾਂ ਦੀ ਰਿਸਰਚ ਕਰਨਗੇ।

## ਸੀ ਐਮ ਭੁਪੇਸ਼ ਬਘੇਲ ਦਾ ਦੋਸ਼:

# ਛੱਤੀਸਗੜ੍ਹ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ

*** ਫ਼ੋਨ ਟੈਪਿੰਗ ਦਾ ਵੀ ਇਲਜ਼ਾਮ ਲਾਇਆ**

ਰਾਏਪੁਰ, 22 ਜੂਨ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕੇਂਦਰ ਸਰਕਾਰ ਉੱਤੇ ਫ਼ੋਨ ਟੈਪ ਕਰਨ ਅਤੇ ਸੂਬਾ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰਨ ਦੇ ਗੰਭੀਰ ਦੋਸ਼ ਲਾਏ ਹਨ।



ਕੱਲ੍ਹ ਕਾਂਗਰਸ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਨਵੀਂ ਦਿੱਲੀ ਦੇ ਕਾਂਗਰਸ ਹੈਡਕੁਆਰਟਰ ਤੋਂ ਈ ਡੀ ਦਫ਼ਤਰ ਤਕ ਰੋਸ ਮਾਰਚ ਅਤੇ ਧਰਨੇ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨਬਘੇਲ ਨੇ ਕੇਂਦਰ ਸਰਕਾਰ ਉੱਤੇ ਇਹ ਦੋਸ਼ ਲਾਏ। ਉਸ ਨੇ ਕਿਹਾ ਕਿ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਭਰਾ ਉੱਤੇ ਸੀ ਬੀ ਆਈ ਦੀ ਛਾਪੇਮਾਰੀ ਹੋਈ। ਫਿਰ ਮੈਨੂੰ ਸੂਚਨਾ ਮਿਲੀ ਹੈ ਕਿ ਛੱਤੀਸਗੜ੍ਹ ਵਿੱਚ ਗੈਰ-ਕਾਨੂੰਨੀ ਫ਼ੋਨ ਟੈਪਿੰਗ ਹੋ ਰਹੀ ਹੈ। ਅਗਲੀ ਵਾਰੀ ਛੱਤੀਸਗੜ੍ਹ ਦੀ ਹੈ। ਕੇਂਦਰ ਸਰਕਾਰ ਰਾਜਸਥਾਨ ਅਤੇ ਛੱਤੀਸਗੜ੍ਹ ਦੀਆਂ ਸਰਕਾਰਾਂ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਦੇ ਨੌਜਵਾਨ ਅਗਨੀਪਥ ਯੋਜਨਾ ਤੋਂ ਨਾਰਾਜ਼ ਹਨ। ਇਹ ਸਕੀਮ ਦੇਸ਼ ਦੇ ਹਿੱਤ ਵਿੱਚ ਨਹੀਂ। ਇਸ ਨੂੰ ਵਾਪਸ ਲੈਣਾ ਚਾਹੀਦਾ ਹੈ। ਬਘੇਲ ਨੇ ਕਿਹਾ ਕਿ ਚਾਰ ਸਾਲ ਬਾਅਦ ਸੇਵਾਮੁਕਤ ਨੌਜਵਾਨਾਂ ਨੂੰ ਭਾਜਪਾ ਆਪਣੇ ਦਫ਼ਤਰਾਂ ਵਿੱਚ ਚੌਕੀਦਾਰ ਰੱਖਣਾ ਚਾਹੁੰਦੀ ਹੈ।

ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਮਹਾਰਾਸ਼ਟਰ ਦੇ ਮੌਜੂਦਾ ਸਿਆਸੀ ਹਾਲਤ ਨੂੰ ਭਾਜਪਾ ਦੀ ਇੱਕ ਸਾਜ਼ਿਸ਼ ਕਰਾਰ ਦਿੰਦੇ ਹੋਏ ਦਾਅਵਾ ਕੀਤਾ ਕਿ ਲੱਗਭਗ ਦੋ ਸਾਲ ਪਹਿਲਾਂ ਉਨ੍ਹਾਂ ਦੇ ਸੂਬੇ ਵਿੱਚ ਕਈ ਕਾਂਗਰਸ ਵਿਧਾਇਕਾਂ ਦੇ ਬਗਾਵਤ ਕਰਨ ਦੇ ਸਮੇਂ ਉਨ੍ਹਾਂ ਨਾਲ ਮੌਜੂਦ ਰਹੇ ਵਿਧਾਇਕਾਂ ਨੂੰ 10-10 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਕੋਈ ਨਹੀਂ ਗਿਆ।ਉਨ੍ਹਾਂ ਜੁਲਾਈ, 2020 ਵਿੱਚ ਸਚਿਨ ਪਾਇਲਟ ਅਤੇ ਉਨ੍ਹਾਂ ਦੇ ਕੁਝ ਹਮਾਇਤੀ ਵਿਧਾਇਕਾਂ ਦੀ ਬਗਾਵਤ ਦੇ ਕਾਂਡ ਦਾ ਪ੍ਰਤੱਖ ਰੂਪ ਨਾਲ ਹਵਾਲਾ ਦਿੱਤਾ ਤੇ ਕਿਹਾ ਕਿ ਉਨ੍ਹਾਂ ਅਜਿਹਾ ਸੁਣਿਆ ਹੈ ਕਿ ਹੋਟਲ ਵਿੱਚ ਰਹਿਣ ਦੌਰਾਨ ਇਨ੍ਹਾਂ ਵਿਧਾਇਕਾਂ ਨੂੰ 10-10 ਕਰੋੜ ਰੁਪਏ ਵੰਡ ਵੀ ਦਿੱਤੇ ਗਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for suitable match for Sikh Saini Boy 41, 5`10`` Canadian born,Clean shaven, Never married, Job and Study in Marketing, Canadian PR, Student Visa, Work Visa, Visitor visa, New Immigrants , Girls in India, US ,Europe will consider. Cast no bar. Please send bio-data with picture,
E Mail: ravidhamrait123@hotmail.com , Tel.No. 1-416-781-0767

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਭਾਰਤੀ ਮੂਲ ਦੀ ਡਾ. ਆਰਤੀ ਪ੍ਰਭਾਕਰ ਅਮਰੀਕਾ ਦੇ ਰਾਸ਼ਟਰਪਤੀ ਦੀ ਪ੍ਰਮੁੱਖ ਵਿਗਿਆਨ ਸਲਾਹਕਾਰ ਬਣੀ



ਵਾਸ਼ਿੰਗਟਨ, 22 ਜੂਨ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ ਮੂਲ ਦੀ ਡਾ. ਆਰਤੀ ਪ੍ਰਭਾਕਰ ਨੂੰ ਆਪਣਾ ਪ੍ਰਮੁੱਖ ਵਿਗਿਆਨ ਸਲਾਹਕਾਰ ਬਣਾਇਆ ਹੈ। ਸੈਨੇਟ ਤੋਂ ਡਾਕਟਰ ਆਰਤੀ (63) ਨੂੰ ਮੰਜ਼ੂਰੀ ਮਿਲ ਗਈ ਤਾਂ ਉਹ ਆਫਿਸ ਆਫ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ (ਓਐੱਸਟੀਪੀ) ਦੀ ਡਾਇਰੈਕਟਰ ਬਣਨ ਵਾਲੀ ਪਹਿਲੀ ਮਹਿਲਾ, ਪਰਵਾਸੀ ਜਾਂ ਗੈਰ-ਗੋਰੀ ਵਿਅਕਤੀ ਹੋਣਗੇ। ਬਾਇਡਨ ਪ੍ਰਸ਼ਾਸਨਵਿੱਚ ਨਾਮਜ਼ਦ ਕੀਤੀ ਜਾ ਰਹੀ ਉਹ ਉੱਚ ਪੜ੍ਹੀ ਲਿਖੀ ਭਾਰਤਵੰਸ਼ੀ ਹੈ, ਜਿਸ ਦੇ ਕੰਮ ਦੀ ਪ੍ਰਸੰਸਾ ਹੋ ਰਹੀ ਹੈ।

ਜੋਅ ਬਾਇਡਨ ਨੇ ਮੰਗਲਵਾਰ ਨੂੰ ਕਿਹਾ, 'ਡਾ. ਪ੍ਰਭਾਕਰ ਇੱਕ ਬਿਹਤਰੀਨ ਤੇ ਸਨਮਾਨਿਤ ਇੰਜੀਨੀਅਰ ਦੇ ਨਾਲ ਅਪਲਾਈਡ ਫਿਜ਼ਿਕਸ ਦੀ ਵਿਗਿਆਨੀ ਹਨ। ਉਹ ਸਾਡੀਆਂ ਆਸਾਂ ਨੂੰ ਅੱਗੇ ਵਧਾਉਣ, ਮੁਸ਼ਕਲ ਚੁਣੌਤੀਆਂ ਹੱਲ ਕਰਨ, ਅਸੰਭਵ ਨੂੰ ਸੰਭਵ ਬਣਾਉਣ ਤੇ ਵਿਗਿਆਨ, ਟੈਕਨਾਲੋਜੀ ਤੇ ਨਵੀਨੀਕਰਨ ਦਾ ਲਾਭ ਉਠਾਉਣ ਲਈ ਐੱਸਟੀ ਪੀ ਦੀ ਅਗਵਾਈ ਕਰਨਗੇ।' ਸੈਨੇਟ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਡਾ. ਆਰਤੀ ਓਐੱਸਟੀਪੀਵਿੱਚ ਐਰਿਕ ਲੈਂਡਰ ਦੀ ਥਾਂ ਲੈਣਗੇ। ਉਹ ਵਿਗਿਆਨ ਤੇ ਟੈਕਨਾਲੋਜੀ ਮਾਮਲਿਆਂਵਿੱਚ ਰਾਸ਼ਟਰਪਤੀ ਦੀ ਮੁੱਖ ਸਲਾਹਕਾਰ ਤੇ ਉਨ੍ਹਾਂ ਦੀ ਕੈਬਨਿਟ ਦੀ ਮੈਂਬਰ ਹੋਣਗੇ। ਡਾ. ਆਰਤੀ ਨੇ 1993ਵਿੱਚਓਦੋਂ ਦੇ ਰਾਸ਼ਟਰਪਤੀ ਬਿਲ ਕਲਿੰਟਨ ਦੇ ਪ੍ਰਸ਼ਾਸਨਵਿੱਚ ਰਾਸ਼ਟਰੀ ਸਟੈਂਡਰਡ ਤੇ ਟੈਕਨਾਲੋਜੀ ਇੰਸਟੀਚਿਊਟ (ਐੱਨਆਈਐੱਸਟੀ) ਦੀ ਮੁਖੀ ਵਜੋਂ ਕੰਮ ਕੀਤਾ। ਉਹ ਐੱਨਆਈਐੱਸਟੀ ਦੀ ਮੁਖੀ ਬਣੀ ਪਹਿਲੀ ਮਹਿਲਾ ਸਨ। 30 ਜੁਲਾਈ 2012 ਤੋਂ 20 ਜਨਵਰੀ 2017 ਤਕ ਰਾਸ਼ਟਰਪਤੀ ਬਰਾਕ ਓਬਾਮਾ ਦੇ ਰਾਜਵਿੱਚ ਉਹ ਡਿਫੈਂਸ ਐਡਵਾਂਸ ਰਿਸਰਚ ਪ੍ਰਾਜੈਕਟਸ ਏਜੰਸੀ (ਡੀਏਆਰਪੀਏ) ਦੀ ਡਾਇਰੈਕਟਰ ਰਹੀ ਹੈ। ਡਾ. ਆਰਤੀ ਦਾ ਜਨਮ ਦਿੱਲੀਵਿੱਚ ਹੋਇਆ ਤੇ ਤਿੰਨ ਸਾਲ ਦੀ ਉਮਰਵਿੱਚ ਅਮਰੀਕਾ ਚੱਲੀ ਗਈ ਸੀ।ਉਸ ਦੀ ਮੁੱਢਲੀ ਸਿੱਖਿਆ ਟੈਕਸਾਸਵਿੱਚ ਹੋਈ। ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਅਪਲਾਇਡ ਫਿਜ਼ੀਕਸਵਿੱਚ ਪੀਐੱਚਡੀ ਕਰਨ ਵਾਲੀ ਉਹ ਪਹਿਲੀ ਮਹਿਲਾ ਹਨ।

